# ਬਾਲ ਸੁਰੱਖਿਆ ਨੀਤੀ

# (Child Protection Policy)

ਬੱਚਿਆਂ ਦੇ ਸਰਵੋਤਮ ਹਿੱਤਾਂ ਦੀ ਵਕਾਲਤ ਕਰ ਰਹੀ ਹੈ

## ਤਤਕਰਾ

1 ਉਦੇਸ਼ .......... 3

2 ਦਾਇਰਾ .......... 3

3 ਪਿਛੋਕੜ .......... 3

4 ਨੀਤੀ ਬਿਆਨ .......... 3

5 ਜ਼ਿੰਮੇਵਾਰੀਆਂ .......... 8

6 ਪਰਿਭਾਸ਼ਾਵਾਂ .......... 10

7 ਸਹਾਇਕ ਦਸਤਾਵੇਜ਼ .......... 12

8 ਕਾਨੂੰਨ .......... 13

9 ਸੰਬੰਧਿਤ ਸਰੋਤ ਸਵੀਕਾਰਨਾਮਾ .......... 17

## ਚੇਤਾਵਨੀ:

ਅਸੀਂ ਆਪਣੇ ਸਮਾਜ ਵਿੱਚ ਬਾਲ ਸ਼ੋਸ਼ਣ ਦੇ ਖ਼ਤਰੇ ਨੂੰ ਸਮਝਦੇ ਹਾਂ। ਇਸ ਦਸਤਾਵੇਜ਼ ਦੀ ਸਮੱਗਰੀ ਵਿੱਚ ਬਾਲ ਸ਼ੋਸ਼ਣ ਦੇ ਸਪਸ਼ਟ ਵਰਣਨ ਸ਼ਾਮਲ ਹਨ ਅਤੇ ਚਿੰਤਿਤ ਕਰਨ ਵਾਲੀਆਂ ਭਾਵਨਾਵਾਂ ਪੈਦਾ ਕਰ ਸਕਦੇ ਹਨ। ਜੇ ਤੁਹਾਨੂੰ ਕਿਸੇ ਨਾਲ ਗੱਲ ਕਰਨ ਦੀ ਲੋੜ ਹੈ ਤਾਂ ਇਹ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਜੀਪੀ ਨਾਲ ਸੰਪਰਕ ਕਰੋ ਜਾਂ G8 Education (G8 ਐਜੂਕੇਸ਼ਨ) ਦੁਆਰਾ ਪੇਸ਼ ਕੀਤੇ ਜਾਂਦੇ ਮੁਫ਼ਤ ਕਰਮਚਾਰੀ ਸਹਾਇਤਾ ਪ੍ਰੋਗਰਾਮ (Employee Assistance Program, EAP) ਤੱਕ ਪਹੁੰਚ ਕਰੋ।

## 1 ਉਦੇਸ਼

ਇਹ ਬਾਲ ਸੁਰੱਖਿਆ ਨੀਤੀ ਬੱਚਿਆਂ ਲਈ ਸੁਰੱਖਿਅਤ ਸੰਸਥਾ (Child Safe Organisation) ਦੇ ਚੱਲ ਰਹੇ ਪ੍ਰਬੰਧ ਲਈ G8 Education ਦੀ ਪਹੁੰਚ ਨੂੰ ਦੱਸਦੀ ਹੈ ਜਿੱਥੇ ਬੱਚੇ ਅਤੇ ਯੁਵਾ ਆਪਣੀ ਦੇਖਭਾਲ ਦੌਰਾਨ ਇੱਕ ਸੁਰੱਖਿਅਤ ਅਤੇ ਸਦਭਾਵਨਾ ਵਾਲੇ ਮਾਹੌਲ ਵਿੱਚ ਰਹਿੰਦੇ ਹਨ। ਇਹ ਨੀਤੀ ਬੱਚਿਆਂ ਲਈ ਸੁਰੱਖਿਅਤ ਸੰਸਥਾਵਾਂ ਲਈ ਰਾਸ਼ਟਰੀ ਸਿਧਾਂਤਾਂ (National Principles for Child Safe Organisations), ਵਿਕਟੋਰੀਆ ਦੇ ਬਾਲ ਸੁਰੱਖਿਆ ਮਿਆਰਾਂ (Victorian Child Safe Standards) ਅਤੇ ਨਿਊ ਸਾਊਥ ਦੇ ਬਾਲ ਸੁਰੱਖਿਆ ਮਿਆਰਾਂ (New South Wales Child Safe Standards)ਪ੍ਰਤੀ ਸਾਡੀ ਪਹੁੰਚ ਦਾ ਢਾਂਚਾ ਪ੍ਰਦਾਨ ਕਰਦੀ ਹੈ।

## 2 ਦਾਇਰਾ

ਇਹ ਨੀਤੀ G8 Education ਟੀਮ ਦੇ ਸਾਰੇ ਮੈਂਬਰਾਂ, ਵਲੰਟੀਅਰਾਂ ਅਤੇ ਠੇਕੇਦਾਰਾਂ 'ਤੇ ਲਾਗੂ ਹੁੰਦੀ ਹੈ ਭਾਵੇਂ ਉਹ ਸੰਸਥਾ ਦੇ ਕਿਸੇ ਵੀ ਖੇਤਰ ਵਿੱਚ ਬੱਚਿਆਂ ਜਾਂ ਯੁਵਾਵਾਂ ਨਾਲ ਸਿੱਧੇ ਸੰਪਰਕ ਵਿੱਚ ਕੰਮ ਕਰਦੇ ਹੋਣ ਜਾਂ ਨਹੀਂ।

## 3 ਪਿਛੋਕੜ

G8 Education ਆਸਟ੍ਰੇਲੀਆ ਵਿੱਚ ਬਾਲ ਸੁਰੱਖਿਆ ਲਈ ਅਹਿਮ ਸਮਾਜਿਕ ਯੋਗਦਾਨ ਪਾਉਣ ਦੀ ਸਾਡੀ ਯੋਗਤਾ ਨੂੰ ਸਾਡੇ ਨੈੱਟਵਰਕ ਦੇ ਆਕਾਰ ਅਤੇ ਉਹਨਾਂ ਭਾਈਚਾਰਿਆਂ ਦੇ ਦਾਇਰੇ ਦੇ ਕਾਰਨ ਜਿੰਨ੍ਹਾਂ ਵਿੱਚ ਅਸੀਂ ਕੰਮ ਕਰਦੇ ਹਾਂ, ਸਵੀਕਾਰਤਾ ਦਿੰਦੀ ਹੈ। ਬੋਰਡ ਅਤੇ ਕਾਰਜਕਾਰੀ ਲੀਡਰਸ਼ਿਪ ਟੀਮ ਸਾਡੇ ਕੰਮਾਂ ਵਿੱਚ ਬਾਲ ਜਿਨਸੀ ਸ਼ੋਸ਼ਣ ਪ੍ਰਤੀ ਸੰਸਥਾਗਤ ਪ੍ਰਤੀਕਰਮਾਂ ਵਿੱਚ ਰੌਇਲ ਕਮਿਸ਼ਨ ਦੀਆਂ ਸੈਕਟਰ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਅਤੇ ਬੱਚਿਆਂ ਲਈ ਸੁਰੱਖਿਅਤ ਸੰਸਥਾਵਾਂ ਲਈ ਸਿਫ਼ਾਰਿਸ਼ ਕੀਤੇ ਰਾਸ਼ਟਰੀ ਸਿਧਾਂਤਾਂ (National Principles for Child Safe Organisations) ਅਤੇ ਲਾਜ਼ਮੀ ਬਾਲ ਸੁਰੱਖਿਆ ਮਿਆਰਾਂ (Child Safe Standards) ਨੂੰ ਲਾਗੂ ਕਰਨ ਲਈ ਵਚਨਬੱਧ ਹੈ।

## 4 ਨੀਤੀ ਬਿਆਨ

G8 Education ਬੱਚਿਆਂ ਨੂੰ ਸੁਰੱਖਿਅਤ ਮਾਹੌਲ ਪ੍ਰਦਾਨ ਕਰਕੇ ਬੱਚਿਆਂ ਦੀ ਸੁਰੱਖਿਆ, ਹਿਫ਼ਾਜਤ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ ਜਿੱਥੇ ਸਾਰੇ ਬੱਚਿਆਂ ਦਾ ਸਨਮਾਨ ਕੀਤਾ ਜਾਂਦਾ ਹੈ, ਕਦਰ ਕੀਤੀ ਜਾਂਦੀ ਹੈ, ਅਤੇ ਉਹਨਾਂ ਨੂੰ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

ਅਸੀਂ ਸਾਡੇ ਸਮਾਜ ਵਿੱਚ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦੇ ਜ਼ੋਖਮ ਅਤੇ ਨਿਰਤੰਰ ਪੈ ਰਹੇ ਪ੍ਰਭਾਵਾਂ ਨੂੰ ਸਮਝਦੇ ਹਾਂ। ਅਸੀਂ ਬਾਲ ਸੁਰੱਖਿਆ ਅਤੇ ਹਿਫ਼ਾਜਤ ਲਈ ਅਗਵਾਈ ਭਰੇ ਸੱਭਿਆਚਾਰ ਨੂੰ ਸ਼ਾਮਲ ਕਰਨ ਦੀ ਸਾਡੀ ਸਮੂਹਿਕ ਜ਼ਿੰਮੇਵਾਰੀ ਨੂੰ ਸਮਝਦੇ ਹਾਂ ਜੋ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਪ੍ਰਤੀ ਪਰਦੇਦਾਰੀ ਨੂੰ ਹਟਾਉਣ ਦੀ ਕੋਸ਼ਿਸ਼ ਕਰਦਾ ਹੈ।

G8 Education ਲਈ ਬੱਚੇ ਦੇ ਸਰਬੋਤਮ ਹਿੱਤ ਅਤੇ ਤੰਦਰੁਸਤੀ ਮੁੱਢਲੀ ਪਹਿਲ ਹਨ। ਸਾਡੀ ਵਚਨਬੱਧਤਾ ਇਸ ਦੁਆਰਾ ਦਿਖਾਈ ਦਿੰਦੀ ਹੈ ਕਿ G8 Education ਬੱਚਿਆਂ ਲਈ ਸੁਰੱਖਿਅਤ ਸੰਸਥਾਵਾਂ ਲਈ ਰਾਸ਼ਟਰੀ ਸਿਧਾਂਤਾਂ (National Principles for Child Safe Organisations) ਅਤੇ ਕਿਸੇ ਰਾਜ ਦੇ ਆਪਣੇ ਵਿਸ਼ੇਸ਼ ਬਾਲ ਸੁਰੱਖਿਅਤ ਮਿਆਰਾਂ (Child Safe Standards) ਨੂੰ ਕਿਵੇਂ ਹੇਠ ਲਿਖੇ ਅਨੁਸਾਰ ਲਾਗੂ ਕਰਦੀ ਹੈ:

## ਬਾਲ ਸੁਰੱਖਿਆ ਅਤੇ ਤੰਦਰੁਸਤੀ

- ਰੋਕਥਾਮ, ਰਿਕਾਰਡ ਰੱਖਣ, ਜਾਣਕਾਰੀ ਸਾਂਝੀ ਕਰਨ ਅਤੇ ਬਾਹਰੀ ਸੰਸਥਾਵਾਂ ਨੂੰ ਰਿਪੋਰਟ (ਸੂਚਿਤ) ਕਰਨ ਦੀਆਂ ਜ਼ਿੰਮੇਵਾਰੀਆਂ ਦਾ ਮਾਰਗਦਰਸ਼ਨ ਕਰਨ ਲਈ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ, ਅਤੇ ਸ਼ਾਸਨ ਪ੍ਰਬੰਧਾਂ ਨੂੰ ਲਾਗੂ ਕਰਕੇ।
- ਟੀਮ ਦੇ ਮੈਂਬਰਾਂ ਤੋਂ ਉਮੀਦ ਕੀਤੇ ਜਾਂਦੇ ਵਿਵਹਾਰ, ਆਪਸੀ ਗੱਲਾਬਾਤਾਂ ਅਤੇ ਆਚਰਣ ਦੀ ਰੂਪਰੇਖਾ ਦੱਸਣ ਲਈ ਬਾਲ ਸੁਰੱਖਿਆ ਵਚਨਬੱਧਤਾ ਦਾ ਬਿਆਨ (Child Protection Statement of Commitment) ਪ੍ਰਦਾਨ ਕਰਕੇ।
- ਬੱਚਿਆਂ ਲਈ ਜ਼ੋਖਮ ਨੂੰ ਘੱਟ ਤੋਂ ਘੱਟ ਕਰਨ ਲਈ ਜ਼ੋਖਮ ਮੁਲਾਂਕਣ ਅਤੇ ਪ੍ਰਬੰਧਨ ਪ੍ਰਕਿਰਿਆ ਸ਼ੁਰੂ ਕਰਕੇ।
- ਸਾਡੇ ਕੰਮ ਕਰਨ ਦੇ ਤਰੀਕੇ ਨੂੰ ਸੂਚਿਤ ਕਰਨ ਲਈ ਬੱਚਿਆਂ ਦੀ ਸੁਰੱਖਿਆ ਬਾਰੇ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ।

## ਬਾਲ ਭਾਗੀਦਾਰੀ

- ਬੱਚਿਆਂ ਨੂੰ ਉਹਨਾਂ ਦੇ ਅਧਿਕਾਰਾਂ, ਸੁਰੱਖਿਅਤ ਮਾਹੌਲ, ਸੁਰੱਖਿਅਤ ਰਹਿਣ ਲਈ ਸੁਰੱਖਿਆਤਮਕ ਰਣਨੀਤੀਆਂ ਅਤੇ ਲੋੜ ਪੈਣ 'ਤੇ ਸਹਾਇਤਾ ਲੈਣ ਬਾਰੇ ਸਿੱਖਿਆ ਦੇਣ ਅਤੇ ਉਹਨਾਂ ਨਾਲ ਜੁੜਨ ਲਈ ਪ੍ਰੋਗਰਾਮ ਅਤੇ ਸਰੋਤ ਪ੍ਰਦਾਨ ਕਰਕੇ।
- ਇਹ ਯਕੀਨੀ ਬਣਾਉਣ ਲਈ ਟੀਮ ਦੇ ਮੈਂਬਰਾਂ ਨੂੰ ਜਾਣਕਾਰੀ ਅਤੇ ਸਿਖਲਾਈ ਪ੍ਰਦਾਨ ਕਰਕੇ ਕਿ ਉਹ ਬੱਚਿਆਂ ਨਾਲ ਸਕਾਰਾਤਮਕ ਤੌਰ 'ਤੇ ਜੁੜਨ ਅਤੇ ਕੰਮ ਕਰਨ ਲਈ ਬੱਚਿਆਂ ਦੇ ਅਧਿਕਾਰਾਂ 'ਤੇ ਆਧਾਰਿਤ ਪਹੁੰਚ ਨੂੰ ਸਮਝਣ ਲਈ ਹੁਨਰਮੰਦ ਹਨ।
- ਫ਼ੈਸਲੇ ਲੈਣ ਵਿੱਚ ਬੱਚੇ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਕੇ, ਖ਼ਾਸ ਕਰਕੇ ਸੁਰੱਖਿਆ ਅਤੇ ਤੰਦਰੁਸਤੀ ਦੇ ਮੁੱਦਿਆਂ ਬਾਰੇ।
- ਬੱਚਿਆਂ ਦੀ ਭਾਗੀਦਾਰੀ ਦੇ ਮੌਕਿਆਂ ਦੀ ਨਿਯਮਤ ਤੌਰ 'ਤੇ ਸਮੀਖਿਆ ਕਰਨ ਨਾਲ ਅਤੇ ਸੰਬੰਧਿਤ ਗਤੀਵਿਧੀਆਂ ਲਈ ਬੱਚਿਆਂ ਦੀ ਸਹਿਮਤੀ ਲੈਣ ਲਈ ਪ੍ਰਕਿਰਿਆਵਾਂ ਲਾਗੂ ਕਰਕੇ।

## ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸ਼ਾਮਲ ਕਰਨਾ

- ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਭਾਈਵਾਲੀ ਅਤੇ ਸਤਿਕਾਰਯੋਗ ਸੰਬੰਧਾਂ ਰਾਹੀਂ ਸੱਭਿਆਚਾਰਕ ਸੁਰੱਖਿਆ ਅਤੇ ਸ਼ਮੂਲੀਅਤ ਦਾ ਨਿਰਮਾਣ ਕਰਕੇ।
- ਸਾਡੀਆਂ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਪਰਿਵਾਰਾਂ ਅਤੇ ਭਾਈਚਾਰੇ ਲਈ ਪਹੁੰਚਯੋਗ ਹੋਣ ਦੁਆਰਾ।
- ਬਾਕਾਇਦਾ ਤੌਰ 'ਤੇ ਨੀਤੀ ਅਤੇ ਪ੍ਰਕਿਰਿਆ ਦੀਆਂ ਸਮੀਖਿਆ ਪ੍ਰਕਿਰਿਆਵਾਂ ਦੁਆਰਾ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਲਈ G8 Education ਦੀ ਪਹੁੰਚ ਦੇ ਸੰਬੰਧ ਵਿੱਚ ਪਰਿਵਾਰਾਂ ਅਤੇ ਭਾਈਚਾਰਿਆਂ ਤੋਂ ਨਿਯਮਿਤ ਰੂਪ ਵਿੱਚ ਉਨ੍ਹਾਂ ਦੀ ਰਾਏ ਪ੍ਰਾਪਤ ਕਰਕੇ।
- ਸੰਬੰਧਿਤ ਗਤੀਵਿਧੀਆਂ ਲਈ ਮਾਪਿਆਂ ਦੀ ਸਹਿਮਤੀ ਪ੍ਰਾਪਤ ਕਰਕੇ।

## ਸਮਾਨਤਾ ਅਤੇ ਵਿਭਿੰਨਤਾ ਦਾ ਆਦਰ ਕਰਕੇ

- ਅਪਾਹਜਤਾ ਪਹੁੰਚਯੋਗਤਾ, ਵਿਤਕਰਾ-ਵਿਰੋਧੀ, ਸੱਭਿਆਚਾਰਕ ਸੁਰੱਖਿਆ, ਵਿਭਿੰਨਤਾ, ਅਤੇ ਸ਼ਮੂਲੀਅਤ ਸੰਬੰਧੀ ਨੀਤੀਆਂ ਨੂੰ ਲਾਗੂ ਕਰਕੇ।
- ਸਾਰੇ ਬੱਚਿਆਂ ਲਈ ਸੁਰੱਖਿਅਤ ਅਤੇ ਸੁਆਗਤ ਕਰਨ ਵਾਲੇ ਮਾਹੌਲ ਸਿਰਜਣ ਲਈ ਮਾਰਗਦਰਸ਼ਨ ਪ੍ਰਦਾਨ ਕਰਦੇ ਹੋਏ, ਵਿਤਕਰੇ ਅਤੇ ਅਲਹਿਦਗੀ ਨਾਲ ਨਜਿੱਠਣ ਲਈ ਸੰਸਥਾ ਭਰ ਵਿੱਚ ਸਾਰੇ ਪੱਧਰਾਂ 'ਤੇ ਵਰਤੀਆਂ ਜਾਂਦੀਆਂ ਪਾਰਦਰਸ਼ੀ ਰਣਨੀਤੀਆਂ ਨੂੰ ਪਰਿਭਾਸ਼ਿਤ ਕਰਕੇ।
- ਵੱਖ-ਵੱਖ ਪਿਛੋਕੜ ਅਤੇ ਲੋੜਾਂ ਵਾਲੇ ਬੱਚਿਆਂ ਦੀ ਪਛਾਣ ਕਰਨ ਅਤੇ ਉਹਨਾਂ ਲਈ ਜਵਾਬੀ ਕਾਰਵਾਈ ਕਰਨ ਲਈ ਟੀਮ ਦੇ ਮੈਂਬਰਾਂ ਦਾ ਸਮਰਥਨ ਕਰਕੇ।
- ਐਬੋਰਿਜਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬੱਚਿਆਂ, ਅਪਾਹਜ ਬੱਚਿਆਂ, ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵੱਖ-ਵੱਖ ਪਿਛੋਕੜ ਵਾਲੇ ਬੱਚੇ, ਘਰ ਵਿੱਚ ਰਹਿਣ ਤੋਂ ਅਸਮਰੱਥ ਬੱਚੇ, ਅਤੇ ਲੈਸਬੀਅਨ, ਗੇਅ, ਬਾਈਸੈਕਸੁਅਲ (ਦੁਵਲਿੰਗੀ), ਟਰਾਂਸਜੈਂਡਰ ਅਤੇ ਇੰਟਰਸੈਕਸ (ਅੰਤਰਲਿੰਗੀ) ਬੱਚਿਆਂ ਦੀਆਂ ਕਿਸੇ ਵੀ ਵਾਧੂ ਲੋੜਾਂ ਨੂੰ ਹੱਲ ਕਰਕੇ।
- ਸਹਾਇਤਾ ਅਤੇ ਸ਼ਿਕਾਇਤ ਪ੍ਰਕਿਰਿਆ ਬਾਰੇ ਬੱਚਿਆਂ ਨੂੰ ਪਹੁੰਚਯੋਗ, ਬਾਲ ਸੁਰੱਖਿਅਤ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਜਾਣਕਾਰੀ ਪ੍ਰਦਾਨ ਕਰਕੇ।
- ਪਾਲਣ-ਪੋਸ਼ਣ ਵਾਲੇ ਅਤੇ ਸਕਾਰਾਤਮਕ ਮਾਹੌਲ ਦਾ ਨਿਰਮਾਣ ਕਰਕੇ ਇਹ ਯਕੀਨੀ ਬਣਾਉਣ ਲਈ ਕਿ ਐਬੋਰਿਜਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬੱਚੇ ਆਪਣੇ-ਆਪ ਦੀ ਪਹਿਚਾਣ ਅਤੇ ਆਪਣੇ ਸੱਭਿਆਚਾਰ ਦੇ ਪ੍ਰਗਟਾਵੇ ਪ੍ਰਤੀ ਸੁਰੱਖਿਅਤ ਅਤੇ ਸਮਰਥਨ ਕੀਤੇ ਜਾਂਦੇ ਮਹਿਸੂਸ ਕਰਦੇ ਹਨ, ਇਸ ਤਰ੍ਹਾਂ ਉਹਨਾਂ ਦੀ ਸਵੈ ਅਤੇ ਪਛਾਣ ਦੀ ਭਾਵਨਾ ਨੂੰ ਉਤਸ਼ਾਹਿਤ ਕਰਕੇ।
- ਇੱਕ ਸ਼ਮੂਲੀਅਤ ਵਾਲਾ ਪ੍ਰੋਗਰਾਮ ਪ੍ਰਦਾਨ ਕਰਕੇ ਜੋ ਸਾਰੇ ਬੱਚਿਆਂ ਨੂੰ ਆਪਣੇ ਆਪ ਦੀ ਭਾਵਨਾ ਪ੍ਰਦਾਨ ਕਰਦਾ ਹੈ, ਜਿੱਥੇ ਬੱਚੇ ਆਪਣੇ-ਆਪ ਨੂੰ, ਆਪਣੇ ਸੱਭਿਆਚਾਰਾਂ, ਨਸਲਾਂ, ਭਾਸ਼ਾਵਾਂ, ਪਰਿਵਾਰਕ ਢਾਂਚੇ ਨੂੰ ਦੇਖ ਸਕਦੇ ਹਨ। ਧਰਮ, ਅਧਿਆਤਮਿਕਤਾ, ਲਿੰਗ-ਪਛਾਣ, ਲਿੰਗਕਤਾ ਅਤੇ ਵਿਕਾਸ ਦੀਆਂ ਸਮਰੱਥਾਵਾਂ ਸਰੋਤਾਂ, ਸਿੱਖਿਆ ਸ਼ਾਸਤਰ ਅਤੇ ਮਾਹੌਲ ਦੀ ਚੋਣ ਵਿੱਚੋਂ ਝਲਕਦੀਆਂ ਹਨ।
- ਵਿਭਿੰਨਤਾ ਅਤੇ ਅੰਤਰ ਦੀਆਂ ਵਿਆਪਕ ਅਤੇ ਨਿਰੰਤਰ ਵਹਿੰਦੀਆਂ ਧਾਰਨਾਵਾਂ ਨਾਲ ਪਛਾਣ ਗਏ ਬੱਚਿਆਂ ਅਤੇ ਪਰਿਵਾਰਾਂ ਦੁਆਰਾ ਅਨੁਭਵ ਕੀਤੇ ਗਏ ਅਨਿਆਂ ਨੂੰ ਹੋਰ ਮਜ਼ਬੂਤ ਕਰਨ ਦੀ ਬਜਾਏ ਘਟਾਉਣ ਦੀ ਵਚਨਬੱਧਤਾ ਦੁਆਰਾ।

## ਇਹ ਯਕੀਨੀ ਬਣਾਉਣਾ ਕਿ ਟੀਮ ਮੈਂਬਰ ਢੁੱਕਵੇਂ ਅਤੇ ਸਮਰਥਿਤ ਹਨ

- ਇਸ਼ਤਿਹਾਰਬਾਜ਼ੀ, ਚੋਣ ਕਰਨ ਦੇ ਮਾਪਦੰਡ, ਪੂਰਵ-ਰੁਜ਼ਗਾਰ ਸਕ੍ਰੀਨਿੰਗ ਜਾਂਚ, ਰੈਫਰੀ ਜਾਂਚਾਂ ਅਤੇ ਡਿਊਟੀ ਸਟੇਟਮੈਂਟਾਂ ਸਮੇਤ ਭਰਤੀ ਲਈ ਮਾਰਗਦਰਸ਼ਨ ਕਰਨ ਲਈ ਨੀਤੀਆਂ ਬਣਾ ਕੇ।
- ਇਹ ਯਕੀਨੀ ਬਣਾਕੇ ਕਿ ਪ੍ਰਣਾਲੀਆਂ ਮੌਜੂਦ ਹਨ ਜੋ ਇਹ ਯਕੀਨੀ ਬਣਾਉਂਦੀਆਂ ਹਨ ਕਿ ਟੀਮ ਦੇ ਸਾਰੇ ਮੈਂਬਰਾਂ ਕੋਲ ਮੌਜੂਦਾ ਵਰਕਿੰਗ ਵਿਦ ਚਿਲਡਰਨ ਚੈੱਕ ਹਨ।
- ਟੀਮ ਦੇ ਸਾਰੇ ਮੈਂਬਰਾਂ, ਸਵੈਸੇਵਕਾਂ ਅਤੇ ਏਜੰਸੀ ਦੇ ਸਟਾਫ਼ ਨੂੰ ਉਨ੍ਹਾਂ ਦੀ ਬਾਲ ਸੁਰੱਖਿਆ ਅਤੇ ਤੰਦਰੁਸਤੀ ਦੀਆਂ ਜ਼ਿੰਮੇਵਾਰੀਆਂ, G8 ਐਜੁਕੇਸ਼ਨਜ਼ ਦੀਆਂ ਬਾਲ ਸੁਰੱਖਿਆ ਨੀਤੀਆਂ ਅਤੇ ਪ੍ਰਕਿਰਿਆਵਾਂ, ਬਾਹਰੀ ਸੰਸਥਾਵਾਂ ਨੂੰ ਸੂਚਿਤ ਕਰਨ ਦੀਆਂ

ਜ਼ਿੰਮੇਵਾਰੀਆਂ ਅਤੇ ਬਾਲ ਸੁਰੱਖਿਆ ਵਚਨਬੱਧਤਾ ਦੇ ਬਿਆਨ (Child Protection Statement of Commitment) ਦੇ ਸੰਬੰਧ ਵਿੱਚ ਸ਼ੁਰੂਆਤੀ ਸਿਖਲਾਈ ਅਤੇ ਲਗਾਤਾਰ ਸਿਖਲਾਈ ਪ੍ਰਦਾਨ ਕਰਕੇ।

- ਟੀਮ ਮੈਂਬਰਾਂ ਲਈ ਨਿਰੰਤਰ ਨਿਗਰਾਨੀ, ਸਹਾਇਤਾ ਅਤੇ ਕਾਰਗੁਜ਼ਾਰੀ ਪ੍ਰਬੰਧਨ ਲਈ ਨੀਤੀਆਂ ਅਤੇ ਰਣਨੀਤੀਆਂ ਹੋਣ ਦੁਆਰਾ।
- ਢਾਂਚਾਗਤ ਅਤੇ ਗ਼ੈਰ-ਰਸਮੀ ਸੰਚਾਰ ਅਤੇ ਸ਼ਮੂਲੀਅਤ ਦੀਆਂ ਗਤੀਵਿਧੀਆਂ ਰਾਹੀਂ ਸਾਡੇ ਬਾਲ ਸੁਰੱਖਿਆ ਅਤੇ ਹਿਫਾਜ਼ਤ ਦੇ ਸੱਭਿਆਚਾਰ ਨੂੰ ਲਗਾਤਾਰ ਸੁਧਾਰ ਕੇ।

**ਬੱਚਿਆਂ 'ਤੇ ਕੇਂਦਰਿਤ ਸ਼ਿਕਾਇਤ ਪ੍ਰਣਾਲੀ**

- ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਤਰਜੀਹ ਦਿੰਦੇ ਹੋਏ ਬੱਚਿਆਂ ਦੇ ਨੁਕਸਾਨ ਜਾਂ ਸ਼ੋਸ਼ਣ ਦੀਆਂ ਸ਼ਿਕਾਇਤਾਂ ਜਾਂ ਬੱਚਿਆਂ ਦੇ ਖੁਲਾਸੇ ਨੂੰ ਪ੍ਰਾਪਤ ਕਰਨ, ਜਵਾਬੀ ਕਾਰਵਾਈ ਕਰਨ ਅਤੇ ਜਾਂਚ ਕਰਨ ਲਈ ਪਹੁੰਚਯੋਗ ਨੀਤੀਆਂ ਹੋਣ ਦੁਆਰਾ।
- ਉਨ੍ਹਾਂ ਚਿੰਤਾਵਾਂ ਜਾਂ ਸ਼ਿਕਾਇਤਾਂ ਪ੍ਰਤੀ ਪ੍ਰਭਾਵਸ਼ਾਲੀ ਢੰਗ ਨਾਲ ਜਵਾਬੀ ਕਾਰਵਾਈ ਕਰਨ ਦੁਆਰਾ ਜਿੱਥੇ ਕਿਸੇ ਹੋਰ ਬੱਚੇ ਦੁਆਰਾ ਬੱਚੇ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ।
- ਬਾਹਰੀ ਅਧਿਕਾਰਿਤ ਵਿਭਾਗਾਂ ਨੂੰ ਸੂਚਨਾ ਦੇਣ, ਰਿਕਾਰਡ ਰੱਖਣ ਅਤੇ ਜਾਣਕਾਰੀ ਸਾਂਝੀ ਕਰਨ ਲਈ ਪ੍ਰਕਿਰਿਆਵਾਂ ਲਾਗੂ ਹੋਣ ਤਾਂ ਕੇ ਇਹ ਯਕੀਨੀ ਬਣਾਇਆ ਜਾ ਸਕੇ ਕਿ G8 Education ਆਪਣੀਆਂ ਸੂਚਿਤ (ਰਿਪੋਰਟਿੰਗ) ਕਰਨ ਦੀਆਂ ਲੋੜਾਂ, ਰੁਜ਼ਗਾਰ ਕਾਨੂੰਨ ਅਤੇ ਗੁਪਤਤਾ ਸੰਬੰਧੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੀ ਹੈ।
- ਸ਼ੋਸ਼ਣ ਹੋਣ ਦਾ ਖੁਲਾਸਾ ਕਰਨ ਵਾਲੇ ਬੱਚਿਆਂ ਸੰਬੰਧੀ ਜਵਾਬੀ ਕਾਰਵਾਈ ਕਰਨ ਵੇਲੇ ਸ਼ਿਕਾਇਤਾਂ ਦੀ ਪ੍ਰਕਿਰਿਆ, ਉਨ੍ਹਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ, ਅਤੇ ਰਿਪੋਰਟ ਕਰਨ ਅਤੇ ਗੁਪਤਤਾ ਦੀਆਂ ਜ਼ਿੰਮੇਵਾਰੀਆਂ ਬਾਰੇ ਟੀਮ ਦੇ ਮੈਂਬਰਾਂ ਨੂੰ ਜਾਣਕਾਰੀ ਪ੍ਰਦਾਨ ਕਰਕੇ।

**ਟੀਮ ਮੈਂਬਰ ਗਿਆਨ, ਹੁਨਰ ਅਤੇ ਜਾਗਰੂਕਤਾ**

- ਟੀਮ ਦੇ ਮੈਂਬਰਾਂ ਨੂੰ ਸੁਰੱਖਿਆ ਅਤੇ ਤੰਦਰੁਸਤੀ ਦੀਆਂ ਢੁੱਕਵੀਆਂ ਨੀਤੀਆਂ, ਬੱਚਿਆਂ ਦੇ ਅਧਿਕਾਰਾਂ, ਬਾਲ ਵਿਕਾਸ, ਨੁਕਸਾਨ ਜਾਂ ਸ਼ੋਸ਼ਣ ਦੇ ਸੰਕੇਤਾਂ ਨੂੰ ਪਹਿਚਾਣ ਕਰਨ, ਖੁਲਾਸੇ ਪ੍ਰਤੀ ਜਵਾਬੀ ਕਾਰਵਾਈ ਕਰਨ, ਅਤੇ ਕਿਸੇ ਬੱਚੇ ਦੁਆਰਾ ਦੂਜੇ ਬੱਚੇ ਪ੍ਰਤੀ ਹਾਨੀਕਾਰਕ ਵਿਵਹਾਰ ਨੂੰ ਸਮਝਣ ਅਤੇ ਉਸ ਪ੍ਰਤੀ ਜਵਾਬੀ ਕਾਰਵਾਈ ਕਰਨ, ਰਿਕਾਰਡ ਰੱਖਣ, ਜ਼ੋਖਮ ਮੁਲਾਂਕਣ ਅਤੇ ਪ੍ਰਬੰਧਨ, ਬਾਹਰੀ ਰਿਪੋਰਟਿੰਗ ਜ਼ਿੰਮੇਵਾਰੀਆਂ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਬਣਾਉਣ ਬਾਰੇ ਸਮੇਂ-ਸਮੇਂ 'ਤੇ ਸਿਖਲਾਈ ਅਤੇ ਜਾਣਕਾਰੀ ਪ੍ਰਦਾਨ ਕਰਕੇ।
- ਇਹ ਯਕੀਨੀ ਬਣਾ ਕੇ ਜੋ ਟੀਮ ਮੈਂਬਰ ਅਤੇ ਵਾਲੰਟੀਅਰ ਬੱਚਿਆਂ ਨੂੰ ਨੁਕਸਾਨ ਹੋਏ ਹੋਣ ਜਾਂ ਹੋਣ ਦੇ ਖ਼ਤਰੇ ਦਾ ਖੁਲਾਸਾ ਕਰਦੇ ਹਨ ਉਹਨਾਂ ਦਾ ਸਮਰਥਨ ਕੀਤਾ ਜਾਂਦਾ ਹੈ।

## ਸੁਰੱਖਿਅਤ ਅਸਲ ਅਤੇ ਔਨਲਾਈਨ ਮਾਹੌਲ

- ਅਸਲ ਅਤੇ ਔਨਲਾਈਨ ਮਾਹੌਲ ਲਈ ਇੱਕ ਜ਼ੋਖਮ ਪ੍ਰਬੰਧਨ ਪ੍ਰਕਿਰਿਆ ਹੋਣ ਦੁਆਰਾ ਜੋ ਉਹਨਾਂ ਮਾਹੌਲਾਂ, ਸੰਸਥਾਤਮਕ ਗਤੀਵਿਧੀਆਂ, ਬਾਲਗ਼ ਤੋਂ ਬੱਚੇ ਨਾਲ ਆਪਸੀ ਗੱਲਬਾਤ ਕ੍ਰਿਆਵਾਂ ਅਤੇ ਬੱਚੇ ਤੋਂ ਬੱਚੇ ਦੀਆਂ ਆਪਸੀ ਗੱਲਬਾਤ ਕ੍ਰਿਆਵਾਂ ਤੋਂ ਪੈਦਾ ਹੋਣ ਵਾਲੇ ਜ਼ੋਖਮਾਂ ਨੂੰ ਸੰਬੋਧਿਤ ਕਰਦੀ ਹੈ।
- ਬੱਚਿਆਂ ਦੇ ਗੁਪਤਤਾ ਦੇ ਅਧਿਕਾਰ, ਜਾਣਕਾਰੀ ਤੱਕ ਪਹੁੰਚ ਅਤੇ ਸਿੱਖਣ ਦੇ ਮੌਕਿਆਂ ਨਾਲ ਸਮਝੌਤਾ ਕੀਤੇ ਬਗ਼ੈਰ ਜ਼ੋਖਮ ਨੂੰ ਘੱਟ ਕਰਨ ਲਈ ਟੀਮ ਦੇ ਮੈਂਬਰਾਂ ਦਾ ਸਮਰਥਨ ਕਰਕੇ।
- ਬਾਲ ਸੁਰੱਖਿਆ ਵਚਨਬੱਧਤਾ ਦੇ ਬਿਆਨ (Child Protection Statement of Commitment) ਅਤੇ ਔਨਲਾਈਨ ਸੁਰੱਖਿਆ ਨੀਤੀਆਂ ਦੇ ਅਨੁਸਾਰ ਹੋਣ ਲਈ ਟੀਮ ਮੈਂਬਰਾਂ ਦੇ ਔਨਲਾਈਨ ਮਾਹੌਲ ਅਤੇ ਵਰਤੋਂ ਦਾ ਪ੍ਰਬੰਧਨ ਕਰਕੇ।
- ਇਹ ਯਕੀਨੀ ਬਣਾ ਕੇ ਕਿ ਕੇਂਦਰਾਂ 'ਤੇ ਆਉਣ ਵਾਲੇ ਲੋਕਾਂ ਨੂੰ ਸਹੀ ਢੰਗ ਨਾਲ ਲੌਗ-ਇਨ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਨਿਗਰਾਨੀ ਕੀਤੀ ਗਈ ਹੈ।
- ਤੀਜੀ ਧਿਰਾਂ ਨਾਲ ਠੇਕੇਦਾਰੀ ਕਰਨ ਵੇਲੇ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਵਿਸਥਾਰ-ਪੂਰਵਕ ਖ਼ਰੀਦ ਨੀਤੀਆਂ ਬਣਾ ਕੇ।
- ਬੱਚਿਆਂ ਦੀ ਨਿਗਰਾਨੀ ਦਾ ਸਮਰਥਨ ਕਰਨ ਅਤੇ ਨਾਲ ਹੀ ਬੱਚਿਆਂ ਦੀ ਗੁਪਤਤਾ ਦਾ ਵੀ ਸਨਮਾਨ ਕਰਨ ਵਾਲੀਆਂ ਥਾਵਾਂ ਬਣਾ ਕੇ।

## ਬਾਲ ਸੁਰੱਖਿਆ ਨੀਤੀਆਂ ਦੀ ਸਮੀਖਿਆ

- ਇਸ ਨੀਤੀ ਅਤੇ G8 Education ਦੀਆਂ ਹੋਰ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀਆਂ ਦੀ ਨਿਯਮਤ ਤੌਰ 'ਤੇ ਸਮੀਖਿਆ ਕਰਨ ਲਈ ਵਚਨਬੱਧ ਹੋ ਕੇ।
- ਸਮੀਖਿਆ ਪ੍ਰਕਿਰਿਆ ਵਿੱਚ ਬੱਚਿਆਂ, ਪਰਿਵਾਰਾਂ, ਭਾਈਚਾਰਿਆਂ ਅਤੇ ਟੀਮ ਦੇ ਮੈਂਬਰਾਂ ਨੂੰ ਸ਼ਾਮਲ ਕਰਕੇ ਅਤੇ ਸਮੀਖਿਆ ਦੇ ਨਤੀਜਿਆਂ 'ਤੇ ਫੀਡਬੈਕ ਪ੍ਰਦਾਨ ਕਰਕੇ।
- ਕਾਰਨਾਂ ਜਾਂ ਪ੍ਰਣਾਲੀਗਤ ਕਮੀਆਂ ਦੀ ਪਛਾਣ ਕਰਨ ਅਤੇ ਸੁਧਾਰ ਯੋਜਨਾਵਾਂ ਨੂੰ ਲਾਗੂ ਕਰਨ ਲਈ ਨਿਯਮਿਤ ਤੌਰ 'ਤੇ ਸ਼ਿਕਾਇਤਾਂ, ਘਟਨਾਵਾਂ ਅਤੇ ਚਿੰਤਾਵਾਂ ਦਾ ਵਿਸ਼ਲੇਸ਼ਣ ਕਰਕੇ।

## ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਦਸਤਾਵੇਜ਼ੀਕਰਨ

- ਇਹ ਯਕੀਨੀ ਬਣਾਕੇ ਕਿ ਸਾਰੇ ਬਾਲ ਸੁਰੱਖਿਆ ਦਸਤਾਵੇਜ਼ ਕਿਸੇ ਭਾਸ਼ਾ ਅਤੇ ਫਾਰਮੈਟ ਵਿੱਚ ਆਸਾਨੀ ਨਾਲ ਪਹੁੰਚਯੋਗ ਹਨ ਜੋ ਸਮਝਣ ਵਿੱਚ ਆਸਾਨ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਭਾਗੀਦਾਰ ਸਲਾਹ-ਮਸ਼ਵਰੇ ਦੁਆਰਾ ਜਾਣਕਾਰੀ ਭਰਪੂਰ ਹੋਣ।

## 5 ਜ਼ਿੰਮੇਵਾਰੀਆਂ

ਬੱਚੇ ਪਹਿਲਾਂ ਆਉਂਦੇ ਹਨ, ਅਤੇ ਇਹ ਗ਼ੈਰ-ਸਮਝੌਤਾਯੋਗ ਹੈ। ਅਸੀਂ ਉਮੀਦ ਕਰਦੇ ਹਾਂ ਕਿ ਟੀਮ ਦੇ ਮੈਂਬਰ ਸਾਰੇ ਬੱਚਿਆਂ ਨਾਲ ਆਦਰ, ਸਨਮਾਨ ਅਤੇ ਸਮਝਦਾਰੀ ਨਾਲ ਪੇਸ਼ ਆਉਣ। ਸਾਰੀਆਂ ਕਾਰਵਾਈਆਂ ਅਤੇ ਗੱਲਬਾਤ ਕਿਰਿਆਵਾਂ ਬੱਚੇ ਦੇ ਸਰਵੋਤਮ ਹਿੱਤ ਵਿੱਚ ਹੋਣੀਆਂ ਚਾਹੀਦੀਆਂ ਹਨ ਅਤੇ ਬਾਲ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਦੀ ਕਨਵੈਨਸ਼ਨ (United Nations Convention on the Rights of the Child) ਦੇ ਅਨੁਸਾਰ ਹੋਣੀਆਂ ਚਾਹੀਦੀਆਂ ਹਨ। G8 Education ਦੀ ਟੀਮ ਦੇ ਮੈਂਬਰਾਂ ਤੋਂ ਉਮੀਦ ਕੀਤੇ ਜਾਂਦੇ ਵਤੀਰੇ ਦਾ ਵੇਰਵਾ ਬਾਲ ਸੁਰੱਖਿਆ ਵਚਨਬੱਧਤਾ ਦੇ ਬਿਆਨ (Child Protection Statement of Commitment) ਵਿੱਚ ਦਿੱਤਾ ਗਿਆ ਹੈ।

**G8 Education ਦਾ ਬੋਰਡ:**

- G8 Education ਦੇ ਜ਼ੋਖਮ ਪ੍ਰੋਫ਼ਾਈਲ ਦੀ ਨਿਗਰਾਨੀ ਕਰੇਗਾ ਅਤੇ ਇਹ ਯਕੀਨੀ ਬਣਾਏਗਾ ਕਿ ਕਿਸੇ ਵੀ ਗੰਭੀਰ ਘਟਨਾ, ਸ਼ੱਕ ਜਾਂ ਇਲਜ਼ਾਮ ਨਾਲ ਨਜਿੱਠਣ ਅਤੇ ਕੁਸ਼ਲਤਾ ਨਾਲ ਜਵਾਬੀ ਕਾਰਵਾਈ ਕਰਨ ਵਿੱਚ ਰੋਕਥਾਮ ਯੋਜਨਾ ਰਣਨੀਤੀਆਂ ਪ੍ਰਭਾਵਸ਼ਾਲੀ ਹਨ।
- ਇਹ ਯਕੀਨੀ ਬਣਾਏਗਾ ਕਿ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦਾ ਪਤਾ ਲਗਾਉਣ ਅਤੇ ਰੋਕਥਾਮ ਲਈ ਢੁੱਕਵੀਆਂ ਅਤੇ ਪ੍ਰਭਾਵੀ ਅੰਦਰੂਨੀ ਨਿਯੰਤਰਣ ਪ੍ਰਣਾਲੀਆਂ ਲਾਗੂ ਹਨ।
- ਇਹ ਯਕੀਨੀ ਬਣਾਏਗਾ ਕਿ ਉਮੀਦ ਕੀਤੇ ਜਾਂਦੇ ਵਿਵਹਾਰ ਨੂੰ ਪਰਿਭਾਸ਼ਿਤ ਕਰਨ ਅਤੇ ਗੱਲਬਾਤ ਕਿਰਿਆਵਾਂ ਨੂੰ ਮਾਰਗਦਰਸ਼ਨ ਦੇਣ ਲਈ ਬਾਲ ਸੁਰੱਖਿਆ ਵਚਨਬੱਧਤਾ ਦੇ ਬਿਆਨ ਸਮੇਤ, ਉਚਿਤ ਨੀਤੀਆਂ ਅਤੇ ਪ੍ਰਕਿਰਿਆਵਾਂ ਲਾਗੂ ਹਨ।

**ਸਾਡੀ ਲੀਡਰਸ਼ਿਪ ਟੀਮ:**

- ਵਚਨਬੱਧਤਾ ਅਤੇ ਇਰਾਦੇ ਦਾ ਬਾਲ ਸੁਰੱਖਿਆ ਨੀਤੀ ਬਿਆਨ ਪ੍ਰਦਾਨ ਕਰੇਗੀ।
- ਖੁੱਲੇਪਣ ਅਤੇ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਕਿਰਿਆਸ਼ੀਲ ਲੀਡਰਸ਼ਿਪ ਪਹੁੰਚ ਨੂੰ ਉਤਸ਼ਾਹਿਤ ਕਰੇਗੀ।
- ਬੱਚਿਆਂ ਨਾਲ ਸ਼ੋਸ਼ਣ, ਨਜ਼ਰਅੰਦਾਜ਼ ਕੀਤੇ ਜਾਣ ਅਤੇ ਗਰੂਮਿੰਗ (ਵਿਸ਼ਵਾਸ ਜਿੱਤ ਕੇ ਸ਼ੋਸ਼ਣ ਕਰਨਾ) ਕੀਤੇ ਜਾਣ ਦੇ ਸ਼ੱਕ, ਦੋਸ਼ ਜਾਂ ਖੁਲਾਸੇ ਨੂੰ ਪਛਾਣਨ ਅਤੇ ਜਵਾਬੀ ਕਾਰਵਾਈ ਕਰਨ ਲਈ ਇੰਡਕਸ਼ਨ, ਸਿਖਲਾਈ ਅਤੇ ਨਿਰੰਤਰ ਜਾਣਕਾਰੀ ਪ੍ਰਦਾਨ ਕਰੇਗਾ।
- ਟੀਮ ਦੇ ਸਾਰੇ ਮੈਂਬਰਾਂ, ਬੱਚਿਆਂ ਅਤੇ ਪਰਿਵਾਰਾਂ ਨੂੰ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦੇ ਸੂਚਕਾਂ ਬਾਰੇ ਜਾਗਰੂਕਤਾ ਵਧਾਉਣ ਲਈ ਨਿਯਮਤ ਜਾਣਕਾਰੀ ਪ੍ਰਦਾਨ ਕਰੇਗਾ, ਜਿਸ ਵਿੱਚ ਰੋਕਥਾਮ ਦਖ਼ਲ ਲਈ ਮੁੱਖ ਸੂਚਕ ਵਜੋਂ ਗਰੂਮਿੰਗ (ਵਿਸ਼ਵਾਸ ਜਿੱਤ ਕੇ ਸ਼ੋਸ਼ਣ ਕਰਨ ਦੇ) ਵਿਵਹਾਰ ਸ਼ਾਮਲ ਹਨ।
- ਇਹ ਯਕੀਨੀ ਬਣਾਏਗਾ ਕਿ ਸਾਡੀਆਂ ਸੂਚਨਾ ਪ੍ਰਬੰਧਨ ਪ੍ਰਣਾਲੀਆਂ ਅਤੇ ਕੰਮ ਦੇ ਤਰੀਕੇ ਬੱਚਿਆਂ ਅਤੇ ਉਨ੍ਹਾਂ ਦੀ ਜਾਣਕਾਰੀ ਦੀ ਸੁਰੱਖਿਆ ਕਰਨ ਲਈ ਸੁਰੱਖਿਅਤ ਹਨ।
- ਇਹ ਯਕੀਨੀ ਬਣੇਗਾ ਕਿ ਪਹਿਲਾਂ ਤੋਂ ਹੀ ਪੈਦਾ ਹੋਣ ਵਾਲੇ ਨੁਕਸਾਨ ਪ੍ਰਤੀ ਚੌਕਸੀ ਵਰਤੀ ਜਾਂਦੀ ਹੈ ਜੋ ਕਿ ਹੋਣਾ ਹੋ ਸਕਦਾ ਹੈ।
- ਕਿਸੇ ਵੀ ਅਣਉਚਿਤ ਵਿਵਹਾਰ ਜਾਂ ਸ਼ੋਸ਼ਣ ਦੀਆਂ ਸ਼ੱਕੀ ਗਤੀਵਿਧੀਆਂ ਦੀ ਰਿਪੋਰਟ ਕਰੇਗੀ।

- ਉਹ ਉਨ੍ਹਾਂ ਸ਼ੋਸ਼ਣ ਦੀਆਂ ਕਿਸਮਾਂ ਤੋਂ ਜਾਣੂ ਹੋਣਗੇ ਜੋ ਉਹਨਾਂ ਦੀ ਜ਼ਿੰਮੇਵਾਰੀ ਦੇ ਖੇਤਰ ਵਿੱਚ ਹੋ ਸਕਦੇ ਹਨ ਅਤੇ ਅਜਿਹੇ ਵਿਵਹਾਰ ਦੇ ਕਿਸੇ ਵੀ ਸੰਕੇਤ ਪ੍ਰਤੀ ਸੁਚੇਤ ਰਹਿਣਗੇ।

**ਸੈਂਟਰ ਮੈਨੇਜਰ ਇਹ ਕਰਨਗੇ:**

- ਬੱਚਿਆਂ ਲਈ ਅਨੁਕੂਲ ਮਾਹੌਲ ਅਤੇ ਸੁਰੱਖਿਆਤਮਕ ਸੱਭਿਆਚਾਰ ਬਣਾਉਣਗੇ ਜੋ ਬੱਚਿਆਂ ਦੀ ਸੁਰੱਖਿਆ ਬਾਰੇ ਖੁੱਲ੍ਹ ਕੇ ਚਰਚਾ ਕਰਦਾ ਹੈ, ਪਰਦੇਦਾਰੀ ਰੱਖਣ ਨੂੰ ਦੂਰ ਕਰਦਾ ਹੈ ਅਤੇ ਬੱਚਿਆਂ ਨੂੰ ਖੁਲਾਸਾ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ।
- ਬਾਲ ਸੁਰੱਖਿਆ ਵਚਨਬੱਧਤਾ ਦੇ ਬਿਆਨ (Child Protection Statement of Commitment) ਦੀ ਪਾਲਣਾ ਕਰਨਗੇ ਅਤੇ ਲਾਗੂ ਕਰਨਗੇ।
- ਬਾਲ ਸੁਰੱਖਿਆ ਨੀਤੀ ਅਤੇ ਢਾਂਚੇ ਨੂੰ ਲਾਗੂ ਕਰਨ ਦੀ ਅਗਵਾਈ ਕਰਨਗੇ ਅਤੇ ਟੀਮ ਦੇ ਮੈਂਬਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਸਹਾਇਤਾ ਕਰਨ ਲਈ ਸਿੱਖਿਆ ਅਤੇ ਸਲਾਹ ਪ੍ਰਦਾਨ ਕਰਨਗੇ।
- ਸ਼ੋਸ਼ਣ ਦੇ ਵਾਜਬ ਆਧਾਰਾਂ 'ਤੇ ਕਿਸੇ ਵੀ ਸ਼ੱਕ ਸਮੇਤ ਚਿੰਤਾ ਦੇ ਕਿਸੇ ਵੀ ਵਿਵਹਾਰ, ਦੁਰਵਿਵਹਾਰ ਜਾਂ ਅਪਰਾਧਿਕ ਕਾਰਵਾਈਆਂ ਲਈ ਚੌਕਸੀ ਬਣਾਈ ਰੱਖਣਗੇ ਅਤੇ ਜਵਾਬੀ ਕਾਰਵਾਈ ਦੇਣਗੇ।
- ਇਹ ਯਕੀਨੀ ਬਣਾਉਣਗੇ ਕਿ ਭਰਤੀ ਪ੍ਰਕਿਰਿਆ ਦੀ ਪਾਲਣਾ ਕੀਤੀ ਜਾਂਦੀ ਹੈ, ਤਾਂ ਕਿ ਉਸ ਕੇਂਦਰ ਵਿੱਚ ਸਿਰਫ਼ ਉਚਿਤ ਯੋਗਤਾ ਪ੍ਰਾਪਤ ਲੋਕ ਹੀ ਕੰਮ ਕਰਦੇ ਹਨ।
- ਘਟਨਾ ਪ੍ਰਬੰਧਨ ਅਤੇ ਜਾਂਚ ਪ੍ਰਕਿਰਿਆਵਾਂ ਦਾ ਪਾਲਣ ਕਰਨਗੇ ਅਤੇ ਟੀਮ ਦੇ ਮੈਂਬਰਾਂ ਨੂੰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਸਹਾਇਤਾ ਕਰਨ ਲਈ ਸਿੱਖਿਆ ਅਤੇ ਸਲਾਹ ਪ੍ਰਦਾਨ ਕਰਨਗੇ।
- ਸੈਂਟਰ ਵਿੱਚ ਬੱਚਿਆਂ ਅਤੇ ਕਰਮਚਾਰੀਆਂ ਦੇ ਅਨੁਪਾਤ ਦੀ ਨਜ਼ਰਸਾਨੀ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਬੱਚਿਆਂ ਲਈ ਢੁੱਕਵੀਂ ਨਿਗਰਾਨੀ ਹਮੇਸ਼ਾ ਮੌਜੂਦ ਹੈ।
- ਨਾਮਜ਼ਦ ਬਾਲ ਸੁਰੱਖਿਆ ਚੈਂਪੀਅਨ (Child Protection Champion) ਨੂੰ ਉਸ ਅਹੁਦੇ ਦੁਆਰਾ ਲੋੜੀਂਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਸਮਾਂ ਨਿਰਧਾਰਤ ਕਰਕੇ ਅਤੇ ਟੀਮ ਦੇ ਮੈਂਬਰਾਂ ਦੀ ਸਹਾਇਤਾ ਕਰਨ ਲਈ ਉਪਲਬਧ ਹੋਣ ਦੁਆਰਾ ਸਮਰਥਨ ਕਰਨਗੇ।
- ਬੱਚਿਆਂ ਦੀ ਸੁਰੱਖਿਆ ਅਤੇ ਹਿਫਾਜ਼ਤ ਲਈ ਮੌਜੂਦ ਕਿਸੇ ਵੀ ਜ਼ੋਖਮ ਦੀ ਪਛਾਣ ਕਰਨ ਅਤੇ ਨਜਿੱਠਣ ਲਈ ਸੈਂਟਰ ਦੇ ਜ਼ੋਖਮ ਮੁਲਾਂਕਣਾਂ ਦਾ ਸੰਚਾਲਨ ਅਤੇ ਸਮੀਖਿਆ ਕਰਨਗੇ।
- ਢੁੱਕਵੇਂ ਬਾਹਰੀ ਬਾਲ ਸੁਰੱਖਿਆ ਅਧਿਕਾਰੀਆਂ ਨਾਲ ਸੰਬੰਧ ਬਣਾਈ ਰੱਖਣਗੇ ਅਤੇ ਬਾਲ ਸੁਰੱਖਿਆ ਹੁਕਮਾਂ (Child Protection Orders) ਦੇ ਅਧੀਨ ਬੱਚਿਆਂ ਲਈ ਕੇਸ ਕਾਨਫ਼ਰੰਸਾਂ ਵਿੱਚ ਸ਼ਾਮਲ ਹੋਣਗੇ।
- ਜ਼ੋਖਮ ਵਿਚਲੇ ਬੱਚਿਆਂ ਦੀ ਸਹਾਇਤਾ ਕਰਨਗੇ ਅਤੇ ਫੰਡਿੰਗ ਸਰੋਤਾਂ ਦੀ ਪਛਾਣ ਕਰਨਗੇ ਤਾਂ ਜੋ ਵੱਧ ਤੋਂ ਵੱਧ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ।

**ਸਾਡੀ ਸੈਂਟਰ ਦੀ ਟੀਮ ਦੇ ਮੈਂਬਰ ਇਹ ਕਰਨਗੇ:**

- G8 Education ਦੇ ਮੂਲ ਮੁੱਲਾਂ ਅਤੇ ਵਿਹਾਰਕ ਯੋਗਤਾਵਾਂ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੋਣਗੇ।
- ਅਜਿਹਾ ਮਾਹੌਲ ਪ੍ਰਦਾਨ ਕਰਨਗੇ ਜੋ ਸਾਰੇ ਬੱਚਿਆਂ ਦੀਆਂ ਭਾਵਨਾਵਾਂ ਅਤੇ ਸਰੀਰਕ ਸੁਰੱਖਿਆ ਲਈ ਸਹਾਇਕ ਹੋਵੇ।

- ਆਪਣੇ-ਆਪ ਨੂੰ ਅਤੇ ਟੀਮ ਦੇ ਹੋਰ ਮੈਂਬਰਾਂ ਨੂੰ ਬਾਲ ਸੁਰੱਖਿਆ ਵਚਨਬੱਧਤਾ ਦੇ ਬਿਆਨ (Child Protection Statement of Commitment) ਦੁਆਰਾ ਜਵਾਬਦੇਹ ਰੱਖਣਗੇ ਅਤੇ ਇਸ ਕੋਡ ਜ਼ਾਬਤੇ ਦੀ ਕਿਸੇ ਵੀ ਉਲੰਘਣਾ ਦੀ ਰਿਪੋਰਟ ਕਰਨ ਲਈ ਚੌਕਸ ਰਹਿਣਗੇ।
- ਇਰਾਦੇ ਦੀ ਘੋਸ਼ਣਾ 'ਤੇ ਦਸਤਖ਼ਤ ਕਰਕੇ ਬਾਲ ਸੁਰੱਖਿਆ ਵਚਨਬੱਧਤਾ ਦੇ ਬਿਆਨ (Child Protection Statement of Commitment) ਨੂੰ ਬਰਕਰਾਰ ਰੱਖਣ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਨਗੇ।
- ਕਿਸੇ ਵੀ ਬਾਲ ਸੁਰੱਖਿਆ ਘਟਨਾ ਨੂੰ ਪਛਾਣਨ, ਜਵਾਬੀ ਕਾਰਵਾਈ ਕਰਨ, ਅੱਗੇ ਰੈਫ਼ਰ ਕਰਨ ਅਤੇ ਫਾਲੋ-ਅੱਪ ਕਰਨ ਲਈ ਨਿਗਰਾਨੀ ਰੱਖਣਗੇ ਅਤੇ ਚੌਕਸੀ ਬਰਕਰਾਰ ਰੱਖਣਗੇ।
- ਵਾਜਬ ਆਧਾਰਾਂ 'ਤੇ ਜਿਵੇਂ ਕਿ ਕਿਸੇ ਬੱਚੇ ਦੀ ਸੁਰੱਖਿਆ ਖ਼ਤਰੇ ਵਿੱਚ ਹੈ, ਕੀਤੇ ਗਏ ਕਿਸੇ ਵੀ ਸ਼ੱਕ ਦੀ ਸੂਚਨਾ ਸੰਬੰਧਿਤ ਅਧਿਕਾਰਿਤ ਵਿਭਾਗਾਂ (ਜਿਵੇਂ ਕਿ ਪੁਲਿਸ ਅਤੇ/ਜਾਂ ਰਾਜ-ਆਧਾਰਿਤ ਬਾਲ ਸੁਰੱਖਿਆ ਸੇਵਾ) ਨੂੰ ਕਰਨਗੇ, ਲਾਜ਼ਮੀ ਰਿਪੋਰਟਰਾਂ ਵਜੋਂ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਨਿਭਾਉਣਗੇ ਅਤੇ ਚਾਈਲਡ ਪ੍ਰੋਟੈਕਸ਼ਨ ਪ੍ਰੈਕਟਿਸ ਮੈਨੂਅਲ (Child Protection Practice Manual) ਵਿੱਚ ਸ਼ਾਮਲ ਬਾਲ ਸੁਰੱਖਿਆ ਰਿਪੋਰਟਿੰਗ ਮਿਆਰਾਂ (Child Protection Reporting Standard) ਨੂੰ ਲਾਗੂ ਕਰਨਗੇ।
- ਸਾਡੇ ਐਬੋਰਿਜਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬੱਚਿਆਂ, ਸੱਭਿਆਚਾਰਕ, ਭਾਸ਼ਾਈ, ਜਾਂ ਵੱਖ-ਵੱਖ ਪਿਛੋਕੜ ਵਾਲੇ ਬੱਚਿਆਂ ਅਤੇ ਅਪਾਹਜਤਾ ਵਾਲੇ ਬੱਚਿਆਂ ਲਈ ਵਧੇਰੇ ਸੁਰੱਖਿਆ ਦੀ ਪੇਸ਼ਕਸ਼ ਕਰਨ ਲਈ ਸ਼ਮੂਲੀਅਤ ਅਤੇ ਸਵੀਕਾਰ ਕਰਨ ਦੇ ਸੱਭਿਆਚਾਰਕ ਸੁਰੱਖਿਆ ਸਿਧਾਂਤਾਂ ਨੂੰ ਸ਼ਾਮਲ ਕਰਨਗੇ।
- ਆਪਣੇ-ਆਪ ਨੂੰ ਢੁੱਕਵੇਂ ਰਾਸ਼ਟਰੀ ਅਤੇ ਰਾਜ ਦੇ ਕਾਨੂੰਨਾਂ, G8 Education ਦੀ ਨੀਤੀ, ਪ੍ਰਕਿਰਿਆਵਾਂ ਅਤੇ ਬੱਚਿਆਂ ਦੀ ਸੁਰੱਖਿਆ ਦੇ ਸੰਬੰਧ ਵਿੱਚ G8 ਦੇ ਬਾਲ ਸੁਰੱਖਿਆ ਵਚਨਬੱਧਤਾ ਦੇ ਬਿਆਨ ਤੋਂ ਜਾਣੂ ਕਰਵਾਉਣਗੇ ਅਤੇ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨਗੇ।
- ਹਰ ਸਮੇਂ ਸਨਮਾਨ, ਨਿੱਜਤਾ ਅਤੇ ਗੁਪਤਤਾ ਨੂੰ ਬਰਕਰਾਰ ਰੱਖਣਗੇ।

## 6 ਪਰਿਭਾਸ਼ਾਵਾਂ

ਇਸ ਨੀਤੀ ਦੇ ਉਦੇਸ਼ ਲਈ ਹੇਠਾਂ ਦਿੱਤੀ ਸ਼ਬਦਾਵਲੀ ਵਰਤੀ ਜਾਂਦੀ ਹੈ:

| ਸ਼ਬਦਾਵਲੀ | ਪਰਿਭਾਸ਼ਾ |
|---|---|
| **ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣਾ** | ਵਿਸ਼ਵ ਸਿਹਤ ਸੰਗਠਨ (World Health Organisation) ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਨੂੰ ਇਸ ਤਰ੍ਹਾਂ ਪਰਿਭਾਸ਼ਤ ਕਰਦਾ ਹੈ:<br>"ਸਭ ਤਰ੍ਹਾਂ ਦੇ ਸਰੀਰਕ ਅਤੇ/ਜਾਂ ਭਾਵਨਾਤਮਕ ਦੁਰਵਿਵਹਾਰ, ਜਿਨਸੀ ਸ਼ੋਸ਼ਣ, ਨਜ਼ਰਅੰਦਾਜ਼ ਕੀਤੇ ਜਾਣ ਜਾਂ ਲਾਪਰਵਾਹੀ ਵਾਲਾ ਵਤੀਰਾ ਜਾਂ ਵਪਾਰਕ ਜਾਂ ਹੋਰ ਸ਼ੋਸ਼ਣ, ਜਿਸਦੇ ਨਤੀਜੇ ਵਜੋਂ ਜ਼ਿੰਮੇਵਾਰੀ, ਭਰੋਸੇ ਜਾਂ ਸ਼ਕਤੀ ਦੇ ਸੰਬੰਧ ਦੇ ਸੰਦਰਭ ਵਿੱਚ ਬੱਚੇ ਦੀ ਸਿਹਤ, ਬਚਾਅ, ਵਿਕਾਸ ਜਾਂ ਮਾਣ-ਸਨਮਾਨ ਨੂੰ ਅਸਲ ਵਿੱਚ ਜਾਂ ਸੰਭਾਵੀ ਨੁਕਸਾਨ ਹੁੰਦਾ ਹੈ।"<br>ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦੀਆਂ ਪੰਜ ਮੁੱਖ ਉਪ ਕਿਸਮਾਂ ਹਨ:<br>• ਸਰੀਰਕ ਸ਼ੋਸ਼ਣ/ ਹਮਲਾ |

| ਸ਼ਬਦਾਵਲੀ | ਪਰਿਭਾਸ਼ਾ |
|---|---|
| | • ਭਾਵਨਾਤਮਕ ਸ਼ੋਸ਼ਣ/ ਮਾੜਾ ਸਲੂਕ<br>• ਨਜ਼ਰਅੰਦਾਜ਼ ਕੀਤੇ ਜਾਣਾ<br>• ਜਿਨਸੀ ਸ਼ੋਸ਼ਣ<br>• ਪਰਿਵਾਰਕ ਹਿੰਸਾ ਦਾ ਸਾਹਮਣਾ ਕਰਨਾ। |
| **ਬਾਲ ਸੁਰੱਖਿਆ** | ਹਿੰਸਾ, ਸ਼ੋਸ਼ਣ, ਦੁਰਵਿਵਹਾਰ ਅਤੇ ਨਜ਼ਰਅੰਦਾਜ਼ ਕੀਤੇ ਜਾਣ ਤੋਂ ਬੱਚਿਆਂ ਦੀ ਸੁਰੱਖਿਆ ਹੈ। |
| **ਬਾਲ ਸੁਰੱਖਿਆ ਰਿਪੋਰਟਿੰਗ ਮਿਆਰ (Child Protection Reporting Standard)** | ਕਿਸੇ ਵੀ ਅਜਿਹੇ ਵਾਜਬ ਸ਼ੱਕ ਦੀ ਲਾਜ਼ਮੀ ਰਿਪੋਰਟ ਕਰਨਾ ਹੈ ਕਿ ਕਿਸੇ ਬੱਚੇ ਨੂੰ ਨੁਕਸਾਨ ਪਹੁੰਚਾਇਆ ਜਾਂ ਨਜ਼ਰਅੰਦਾਜ਼ ਕੀਤੇ ਗਿਆ ਹੈ ਜਾਂ ਨੁਕਸਾਨ ਪਹੁੰਚਾਏ ਜਾਂ ਨਜ਼ਰਅੰਦਾਜ਼ ਕੀਤੇ ਜਾਣ ਦੇ ਜ਼ੋਖਮ ਵਿੱਚ ਹੈ। |
| **ਬਾਲ ਸੁਰੱਖਿਆ ਵਚਨਬੱਧਤਾ ਦਾ ਬਿਆਨ (Child Protection Statement of Commitment)** | ਨਿਯਮਾਂ, ਸਮਾਜਿਕ ਕਾਇਦਿਆਂ ਅਤੇ ਜ਼ਿੰਮੇਵਾਰੀਆਂ ਦਾ ਸੰਗ੍ਰਹਿ ਹੈ ਜਿਸ ਵਿੱਚ ਸ਼ਾਮਲ ਹੈ ਕਿ ਕੀ ਸਵੀਕਾਰਯੋਗ ਹੈ ਅਤੇ ਕੀ ਨਹੀਂ ਜਾਂ ਕੀ ਉਮੀਦ ਕੀਤਾ ਜਾਂਦਾ ਵਿਵਹਾਰ ਹੈ ਅਤੇ ਕੀ ਨਹੀਂ ਜਾਂ ਕੀ ਕੰਮ ਕਰਨ ਦਾ ਸਹੀ ਤਰੀਕਾ ਹੈ ਜਾਂ ਕੀ ਨਹੀਂ ਅਤੇ ਕੰਪਨੀ ਦੀਆਂ ਉਮੀਦਾਂ ਵਿੱਚ ਕੀ ਸ਼ਾਮਲ ਹੈ ਅਤੇ ਕੀ ਨਹੀਂ। |
| **ਬਾਲ ਸੁਰੱਖਿਅਤ ਮਾਹੌਲ** | ਇੱਕ ਸੁਰੱਖਿਅਤ ਅਤੇ ਦੋਸਤਾਨਾ ਮਾਹੌਲ ਹੈ ਜਿੱਥੇ ਬੱਚੇ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਸਤਿਕਾਰਤ, ਕਦਰ ਕੀਤੇ ਜਾਂਦੇ ਅਤੇ ਉਤਸ਼ਾਹਿਤ ਮਹਿਸੂਸ ਕਰਦੇ ਹਨ। |
| **ਬਾਲ ਸੁਰੱਖਿਅਤ ਸੰਸਥਾ** | ਇੱਕ ਅਜਿਹੀ ਸੰਸਥਾ ਜੋ ਸੁਚੇਤ ਅਤੇ ਵਿਵਸਥਿਤ ਰੂਪ ਵਿੱਚ: ਇੱਕ ਅਜਿਹਾ ਮਾਹੌਲ ਸਿਰਜਦੀ ਹੈ ਜਿੱਥੇ ਵਿਚਾਰਾਂ, ਕਦਰਾਂ-ਕੀਮਤਾਂ ਅਤੇ ਕਾਰਵਾਈਆਂ ਦੇ ਕੇਂਦਰ 'ਤੇ ਬੱਚਿਆਂ ਅਤੇ ਯੁਵਾਵਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਹੁੰਦੀ ਹੈ। |
| **ਸ਼ਿਕਾਇਤ** | ਇਸ ਬਾਰੇ ਇੱਕ ਬਿਆਨ ਹੁੰਦਾ ਹੈ ਕਿ ਕੁੱਝ ਅਸੰਤੋਸ਼ਜਨਕ ਜਾਂ ਅਸਵੀਕਾਰਨਯੋਗ ਹੈ। |
| **ਸੱਭਿਆਚਾਰਕ ਸੁਰੱਖਿਆ** | ਇੱਕ ਸੁਰੱਖਿਅਤ ਅਤੇ ਦੋਸਤਾਨਾ ਮਾਹੌਲ ਹੈ ਜਿੱਥੇ ਬੱਚੇ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਲਈ ਸਤਿਕਾਰਤ, ਕਦਰ ਕੀਤੇ ਜਾਂਦੇ ਅਤੇ ਉਤਸ਼ਾਹਿਤ ਮਹਿਸੂਸ ਕਰਦੇ ਹਨ। |
| **ਖੁਲਾਸਾ** | ਕਿਸੇ ਚੀਜ਼ ਨੂੰ ਜਾਣੂ ਕਰਵਾਉਣ ਦੀ ਕਿਰਿਆ। |
| **ਗਰੂਮਿੰਗ** | ਕਿਸੇ ਬਾਲਗ ਦੁਆਰਾ ਕਿਸੇ ਬੱਚੇ ਨੂੰ ਜਿਨਸੀ ਗਤੀਵਿਧੀ ਲਈ ਤਿਆਰ ਕਰਨ ਦੀ ਇੱਕ ਕਾਰਵਾਈ ਹੈ, ਅਕਸਰ ਇਸ ਵਿੱਚ ਜਿਨਸੀ ਗਤੀਵਿਧੀ ਲਈ ਲਗਾਤਾਰ ਵਧਦੀ ਅਸੰਵੇਦਨਸ਼ੀਲਤਾ ਸ਼ਾਮਲ ਹੁੰਦੀ ਹੈ (ਜਿਵੇਂ ਕਿ ਸਰੀਰਕ ਸੰਪਰਕ ਜਾਂ ਜਿਨਸੀ ਸਮੱਗਰੀ ਅਤੇ ਕਿਰਿਆਵਾਂ ਦੇ ਸੰਪਰਕ ਵਿੱਚ ਵਾਧਾ), ਇਕੱਠੇ ਬਗ਼ੈਰ ਨਿਗਰਾਨੀ ਦੇ ਇਕੱਲੇ ਰਹਿਣ ਦੇ ਮੌਕੇ ਲੱਭਣਾ, ਰਿਸ਼ਤੇ ਵਿੱਚ ਪਰਦੇਦਾਰੀ ਰੱਖਣ ਨੂੰ ਉਤਸ਼ਾਹਿਤ ਕਰਨਾ ਅਤੇ/ਜਾਂ ਬੱਚੇ ਉੱਤੇ ਸ਼ਕਤੀ ਅਤੇ ਨਿਯੰਤ੍ਰਣ ਦੀ ਵਰਤੋਂ ਕਰਨਾ ਜਿਵੇਂ ਕਿ ਧਮਕੀਆਂ, ਤਾਕਤ ਜਾਂ ਅਧਿਕਾਰ ਦੀ ਵਰਤੋਂ ਕਰਕੇ ਅਤੇ ਬੱਚੇ ਨੂੰ ਅਣਚਾਹੇ ਵਿਵਹਾਰ ਦੀ ਸੂਚਨਾ ਪ੍ਰਦਾਨ ਕਰਨ ਤੋਂ ਡਰਾਉਣਾ। |
| **ਲਾਜ਼ਮੀ ਰਿਪੋਰਟਰ** | ਉਹ ਵਿਅਕਤੀ ਹੁੰਦੇ ਹਨ ਜੋ ਜ਼ੋਖਮ ਵਿਚਲੇ ਲੋਕਾਂ ਨਾਲ ਨਿਯਮਤ ਸੰਪਰਕ ਵਿੱਚ ਹੁੰਦੇ ਹਨ ਅਤੇ ਇਸ ਲਈ ਉਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਸ਼ੋਸ਼ਣ ਹੁੰਦਾ ਦੇਖੇ ਜਾਣ ਜਾਂ ਹੁੰਦਾ ਹੋਣ ਦੀ ਸ਼ੱਕ ਹੋਣ 'ਤੇ ਰਿਪੋਰਟ ਕੀਤੀ ਜਾਵੇ। |

| ਸ਼ਬਦਾਵਲੀ | ਪਰਿਭਾਸ਼ਾ |
|---|---|
| **ਲਾਜ਼ਮੀ ਰਿਪੋਰਟਿੰਗ** | ਲੋਕਾਂ ਦੇ ਚੁਣੇ ਹੋਏ ਸਮੂਹਾਂ ਲਈ ਸਰਕਾਰੀ ਅਧਿਕਾਰਿਤ ਵਿਭਾਗਾਂ ਨੂੰ ਸ਼ੱਕੀ ਬਾਲ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਦੀ ਰਿਪੋਰਟ ਕਰਨ ਲਈ ਕਾਨੂੰਨੀ ਸ਼ਰਤ ਹੈ। |
| **ਸੁਰੱਖਿਆ** | ਹਾਨੀ, ਸੱਟ, ਨੁਕਸਾਨ ਤੋਂ ਬਚਾਅ ਜਾਂ ਢਾਲ। |
| **ਰਿਪੋਰਟ ਕਰਨ ਯੋਗ ਵਿਵਹਾਰ** | ਇਸ ਵਿੱਚ ਇੱਕ ਜਿਨਸੀ ਅਪਰਾਧ (ਅਪਰਾਧਿਕ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਕੀਤਾ ਹੋਇਆ ਵੀ), ਬੱਚੇ ਦੇ ਨਾਲ ਜਾਂ ਉਸ ਦੀ ਮੌਜੂਦਗੀ ਵਿੱਚ, ਬੱਚੇ ਦੇ ਵਿਰੁੱਧ ਕੀਤਾ ਜਿਨਸੀ ਦੁਰਵਿਵਹਾਰ ਜਾਂ ਸਰੀਰਕ ਹਿੰਸਾ, ਬਹੁਤ ਜ਼ਿਆਦਾ ਭਾਵਨਾਤਮਕ ਜਾਂ ਮਨੋਵਿਗਿਆਨਕ ਨੁਕਸਾਨ ਪਹੁੰਚਾਉਣ ਵਾਲਾ ਵਿਵਹਾਰ, ਬੱਚੇ ਨੂੰ ਬਹੁਤ ਜ਼ਿਆਦਾ ਨਜ਼ਰਅੰਦਾਜ਼ ਕੀਤੇ ਜਾਣਾ ਸ਼ਾਮਲ ਹੈ। |
| **ਟੀਮ ਮੈਂਬਰ** | ਅਜਿਹਾ ਵਿਅਕਤੀ ਹੁੰਦਾ ਹੈ ਜੋ ਇੱਕ ਸਾਂਝੇ ਟੀਚੇ ਨੂੰ ਪ੍ਰਾਪਤ ਕਰਨ ਦੀ ਕੋਸ਼ਿਸ਼ ਵਿੱਚ ਸ਼ਾਮਲ ਲੋਕਾਂ ਦੇ ਇੱਕ ਖ਼ਾਸ ਸਮੂਹ ਨਾਲ ਸੰਬੰਧਿਤ ਹੁੰਦਾ ਹੈ। ਗੌਰਤਲਬ ਹੈ ਕਿ ਇਸ ਦਸਤਾਵੇਜ਼ ਵਿੱਚ ਜਿੱਥੇ-ਜਿੱਥੇ ਟੀਮ ਮੈਂਬਰ ਦਾ ਹਵਾਲਾ ਦਿੱਤਾ ਗਿਆ ਹੈ ਉਸ ਵਿੱਚ ਵਾਲੰਟੀਅਰ ਵੀ ਸ਼ਾਮਲ ਹੋਣਗੇ। |

## 7 ਸਹਾਇਕ ਦਸਤਾਵੇਜ਼

ਹੇਠਾਂ ਸੂਚੀਬੱਧ ਦਸਤਾਵੇਜ਼ ਬਾਲ ਸੁਰੱਖਿਆ ਸੰਸਥਾ ਨੂੰ ਚਲਾਉਣ ਲਈ ਸਾਡੀ ਵਚਨਬੱਧਤਾ ਦਾ ਸਮਰਥਨ ਕਰਨ ਅਤੇ ਮਾਰਗਦਰਸ਼ਨ ਕਰਨ ਲਈ ਇਸ ਨੀਤੀ ਦੀ ਪਾਲਣਾ ਕਰਦੇ ਹਨ:

- ਬਾਲ ਸੁਰੱਖਿਆ ਵਚਨਬੱਧਤਾ ਦਾ ਬਿਆਨ (Child Protection Statement of Commitment)
- ਚਾਈਲਡ ਪ੍ਰੋਟੈਕਸ਼ਨ ਪ੍ਰੈਕਟਿਸ ਮੈਨੂਅਲ (Child Protection Practice Manual)
- ਸ਼ਿਕਾਇਤ ਨੀਤੀ (Complaints Policy)
- ਕਰਮਚਾਰੀ ਸਹਾਇਤਾ ਪ੍ਰੋਗਰਾਮ (Employee Assistance Program)
- ਸਿਹਤ ਅਤੇ ਸੁਰੱਖਿਆ ਨੀਤੀ (Health and Safety Policy)
- ਜਾਂਚ-ਪੜਤਾਲ ਨੀਤੀ (Investigations Policy)
- ਜ਼ੋਖਮ ਪ੍ਰਬੰਧਨ ਨੀਤੀ (Risk Management Policy) ਅਤੇ ਫਰੇਮਵਰਕ
- ਵ੍ਹਿਸਲਬਲੋਅਰ ਨੀਤੀ (Whistleblower Policy)
- ਬਾਲ ਸੁਰੱਖਿਆ ਸੰਬੰਧੀ ਲਾਜ਼ਮੀ ਰਿਪੋਰਟਿੰਗ (Child Protection Mandatory Reporting)
- ਬਾਲ ਸੁਰੱਖਿਆ ਪ੍ਰਤੀ ਜ਼ੋਖਮ ਮੁਲਾਂਕਣ ਦਿਸ਼ਾ-ਨਿਰਦੇਸ਼ (Child Protection Risk Assessment Guidelines)
- ਬਾਲ ਸੁਰੱਖਿਆ ਰਿਪੋਰਟ ਫਾਰਮ (Child Protection Report Form)
- ਬਾਲ ਤੰਦਰੁਸਤੀ ਫਾਰਮ (Child Wellbeing Form)
- IO1 ਘਟਨਾ ਦੀ ਸੂਚਨਾ ਫਾਰਮ (Notification of Incident Form) ਅਤੇ CO1 ਸ਼ਿਕਾਇਤ ਦੀ ਸੂਚਨਾ ਫਾਰਮ (Notification of Complaint Form)
- ਆਉਣ ਸਮੇਂ ਸੱਟ ਦੇ ਵੇਰਵੇ ਫਾਰਮ (Injury on Intake Form)

- ਲਾਜ਼ਮੀ ਰਿਪੋਰਟਿੰਗ ਜਾਂਚ ਫਾਰਮ (Mandatory Reporting Enquiry Form)
- ਰਾਜ ਅਧਾਰਤ ਰਿਪੋਰਟ ਕਰਨ ਯੋਗ ਵਿਵਹਾਰ ਦੇ ਫਾਰਮ:
    - ਫੇਜ਼ 1 - 7ਵੇਂ ਦਿਨ ਦਾ ਸੂਚਨਾ ਪੱਤਰ (7 Day Notification (NSW, QLD, SA, WA))
    - ਫੇਜ਼ 1 - 3 ਦਿਨ ਦਾ ਸੂਚਨਾ ਪੱਤਰ (3 Day Notification (VIC))
    - ਫੇਜ਼ 1 - 7ਵੇਂ ਦਿਨ ਦਾ ਸੂਚਨਾ ਪੱਤਰ (Phase 1 - 7 Day Notification (ACT))
    - ਫੇਜ਼ 2 - ਬਾਲ ਸੁਰੱਖਿਆ ਜਾਂਚ ਯੋਜਨਾ (Phase 2 - Child Protection Investigation Plan)
    - ਫੇਜ਼ 3 - ਬਾਲ ਸੁਰੱਖਿਆ ਜਾਂਚ ਰਿਪੋਰਟ (Phase 3 - Child Protection Investigation Report)

# 8 ਕਾਨੂੰਨ

### ਨੈਸ਼ਨਲ ਕੁਆਲਿਟੀ ਫਰੇਮਵਰਕ/ਰਾਸ਼ਟਰੀ ਗੁਣਵੱਤਾ ਫਰੇਮਵਰਕ (NQF)

| **ਬੱਚੇ (ਸਿੱਖਿਆ ਅਤੇ ਦੇਖਭਾਲ ਸੇਵਾਵਾਂ) ਰਾਸ਼ਟਰੀ ਕਾਨੂੰਨ** | |
|---|---|
| S162A | ਰੋਜ਼ਾਨਾ ਦਾ ਦੇਖਭਾਲ ਕਾਰਜਭਾਰ ਦੇਖਣ ਵਾਲੇ ਵਿਅਕਤੀ ਅਤੇ ਨਾਮਜ਼ਦ ਸੁਪਰਵਾਈਜ਼ਰਾਂ ਕੋਲ ਬਾਲ ਸੁਰੱਖਿਆ ਸਿਖਲਾਈ ਹੋਣੀ ਚਾਹੀਦੀ ਹੈ |
| S165 | ਬੱਚਿਆਂ ਦੀ ਨਿਗਰਾਨੀ |
| S166 | ਅਣਉਚਿਤ ਅਨੁਸ਼ਾਸਨ |
| S167 | ਨੁਕਸਾਨ ਅਤੇ ਖ਼ਤਰੇ ਤੋਂ ਬੱਚਿਆਂ ਦੀ ਸੁਰੱਖਿਆ |

| **ਬੱਚੇ (ਸਿੱਖਿਆ ਅਤੇ ਦੇਖਭਾਲ ਸੇਵਾਵਾਂ) ਰਾਸ਼ਟਰੀ ਨਿਯਮ** | |
|---|---|
| R84 | ਬਾਲ ਸੁਰੱਖਿਆ ਕਾਨੂੰਨ ਬਾਰੇ ਜਾਗਰੂਕਤਾ |
| R85-87 | ਘਟਨਾਵਾਂ, ਸੱਟ, ਸਦਮਾ, ਅਤੇ ਬੀਮਾਰੀ |
| R168 | ਸਿੱਖਿਆ ਅਤੇ ਦੇਖਭਾਲ ਸੇਵਾ ਕੋਲ ਲਾਜ਼ਮੀ ਤੌਰ 'ਤੇ ਨੀਤੀਆਂ ਅਤੇ ਪ੍ਰਕਿਰਿਆਵਾਂ ਹੋਣੀਆਂ ਚਾਹੀਦੀਆਂ ਹਨ |

### ਰਾਸ਼ਟਰੀ ਗੁਣਵੱਤਾ ਮਿਆਰ (NQS)

| **ਗੁਣਵੱਤਾ ਖੇਤਰ 2: ਬੱਚਿਆਂ ਦੀ ਸਿਹਤ ਅਤੇ ਸੁਰੱਖਿਆ** | | |
|---|---|---|
| 2.2 | ਸੁਰੱਖਿਆ | ਹਰ ਬੱਚੇ ਦਾ ਸਤਿਕਾਰ ਕੀਤਾ ਜਾਂਦਾ ਹੈ |
| 2.2.1 | ਨਿਗਰਾਨੀ | ਬੱਚਿਆਂ ਨੂੰ ਨੁਕਸਾਨ ਅਤੇ ਖ਼ਤਰੇ ਤੋਂ ਸੁਰੱਖਿਅਤ ਰੱਖਣ ਲਈ ਹਰ ਸਮੇਂ, ਵਾਜਬ ਸਾਵਧਾਨੀਆਂ ਅਤੇ ਲੋੜੀਂਦੀ ਨਿਗਰਾਨੀ |
| 2.2.2 | ਘਟਨਾ ਅਤੇ ਐਮਰਜੈਂਸੀ ਪ੍ਰਬੰਧਨ | ਘਟਨਾਵਾਂ ਅਤੇ ਐਮਰਜੈਂਸੀਆਂ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਯੋਜਨਾਵਾਂ ਹਨ ਜੋ ਸੰਬੰਧਿਤ ਅਧਿਕਾਰਿਤ ਵਿਭਾਗਾਂ ਨਾਲ ਸਲਾਹ-ਮਸ਼ਵਰਾ ਕਰਕੇ ਵਿਕਸਤ, ਅਭਿਆਸ ਅਤੇ ਲਾਗੂ ਕੀਤੀਆਂ ਜਾਂਦੀਆਂ ਹਨ। |
| 2.2.3 | ਬਾਲ ਸੁਰੱਖਿਆ | ਪ੍ਰਬੰਧਕ, ਸਿੱਖਿਅਕ, ਅਤੇ ਸਟਾਫ਼ ਸ਼ੋਸ਼ਣ ਜਾਂ ਨਜ਼ਰਅੰਦਾਜ਼ ਕੀਤੇ ਜਾਣ ਦੇ ਖ਼ਤਰੇ ਵਿਚਲੇ ਹਰੇਕ ਬੱਚੇ ਦੀ ਪਛਾਣ ਕਰਨ ਅਤੇ ਜਵਾਬੀ ਕਾਰਵਾਈ ਕਰਨ ਲਈ ਉਹਨਾਂ ਦੀਆਂ ਭੂਮਿਕਾਵਾਂ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਤੋਂ ਜਾਣੂ ਹਨ। |

| **ਗੁਣਵੱਤਾ ਖੇਤਰ 4: ਸਟਾਫਿੰਗ ਪ੍ਰਬੰਧ** | | |
|---|---|---|
| 4.2 | ਪੇਸ਼ੇਵਰਤਾ | ਪ੍ਰਬੰਧਕ, ਸਿੱਖਿਅਕ, ਅਤੇ ਸਟਾਫ਼ ਸਹਿਯੋਗੀ, ਸਤਿਕਾਰਯੋਗ ਅਤੇ ਨੈਤਿਕ ਹਨ |
| 4.2.2 | ਪੇਸ਼ੇਵਰ ਮਿਆਰ | ਪੇਸ਼ਾਵਰ ਮਿਆਰ ਕੰਮ ਕਰਨ ਦੇ ਤਰੀਕਿਆਂ, ਆਪਸੀ ਗੱਲਬਾਤ ਕ੍ਰਿਆਵਾਂ ਅਤੇ ਸੰਬੰਧਾਂ ਦਾ ਮਾਰਗਦਰਸ਼ਨ ਕਰਦੇ ਹਨ |
| **ਗੁਣਵੱਤਾ ਖੇਤਰ 5: ਬੱਚਿਆਂ ਨਾਲ ਸੰਬੰਧ** | | |
| 5.1.1 | ਬੱਚਿਆਂ ਦੀ ਸਿੱਖਿਅਕ ਨਾਲ ਸਕਾਰਾਤਮਕ ਗੱਲਬਾਤ | ਜਵਾਬਦੇਹ ਅਤੇ ਅਰਥਪੂਰਨ ਆਪਸੀ ਗੱਲਬਾਤ ਭਰੋਸੇਮੰਦ ਰਿਸ਼ਤੇ ਬਣਾਉਂਦੀਆਂ ਹਨ ਜੋ ਹਰੇਕ ਬੱਚੇ ਨੂੰ ਸੁਰੱਖਿਅਤ, ਆਤਮ-ਵਿਸ਼ਵਾਸੀ ਮਹਿਸੂਸ ਕਰਨ ਲਈ ਸ਼ਾਮਲ ਅਤੇ ਸਮਰਥਨ ਕਰਦੇ ਹਨ। |
| 5.1.2 | ਬੱਚੇ ਦਾ ਮਾਣ-ਸਨਮਾਨ ਅਤੇ ਅਧਿਕਾਰ | ਹਰ ਬੱਚੇ ਦੇ ਮਾਣ-ਸਨਮਾਨ ਅਤੇ ਅਧਿਕਾਰਾਂ ਨੂੰ ਕਾਇਮ ਰੱਖਿਆ ਜਾਂਦਾ ਹੈ |
| 5.2.2 | ਸਵੈ-ਨਿਯੰਤਰਨ | ਹਰੇਕ ਬੱਚੇ ਨੂੰ ਆਪਣੇ ਵਿਵਹਾਰ ਨੂੰ ਨਿਯੰਤ੍ਰਿਤ ਕਰਨ, ਦੂਸਰਿਆਂ ਦੇ ਵਿਵਹਾਰ ਪ੍ਰਤੀ ਉਚਿਤ ਪ੍ਰਤੀਕਿਰਿਆ ਕਰਨ, ਅਤੇ ਝਗੜਿਆਂ ਨੂੰ ਸੁਲਝਾਉਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਸੰਚਾਰ ਕਰਨ ਵਿੱਚ ਸਹਾਇਤਾ ਕੀਤੀ ਜਾਂਦੀ ਹੈ। |

| **ਗੁਣਵੱਤਾ ਖੇਤਰ 6: ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਸਹਿਯੋਗੀ ਭਾਈਵਾਲੀ** | | |
|---|---|---|
| 6.2.2 | ਪਹੁੰਚ ਅਤੇ ਭਾਗੀਦਾਰੀ | ਪ੍ਰਭਾਵਸ਼ਾਲੀ ਭਾਈਵਾਲੀਆਂ ਇਸ ਪ੍ਰੋਗਰਾਮ ਵਿੱਚ ਬੱਚਿਆਂ ਦੀ ਪਹੁੰਚ, ਸ਼ਮੂਲੀਅਤ ਅਤੇ ਭਾਗੀਦਾਰੀ ਦਾ ਸਮਰਥਨ ਕਰਦੀਆਂ ਹਨ |
| **ਗੁਣਵੱਤਾ ਖੇਤਰ 7: ਸ਼ਾਸਨ ਅਤੇ ਅਗਵਾਈ** | | |
| 7.1 | ਸ਼ਾਸਨ | ਸ਼ਾਸਨ ਇੱਕ ਗੁਣਵੱਤਾ ਵਾਲੀ ਸੇਵਾ ਦੇ ਸੰਚਾਲਨ ਦਾ ਸਮਰਥਨ ਕਰਦਾ ਹੈ |
| 7.1.2 | ਪ੍ਰਬੰਧਨ ਪ੍ਰਣਾਲੀਆਂ | ਪ੍ਰਣਾਲੀਆਂ ਜ਼ੋਖਮ ਦਾ ਪ੍ਰਬੰਧਨ ਕਰਨ ਅਤੇ ਗੁਣਵੱਤਾ ਭਰਪੂਰ ਸੇਵਾ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਅਤੇ ਸੰਚਾਲਨ ਨੂੰ ਸਮਰੱਥ ਬਣਾਉਣ ਲਈ ਲਾਗੂ ਹਨ |
| 7.1.3 | ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ | ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਸਪਸ਼ਟ ਤੌਰ 'ਤੇ ਪਰਿਭਾਸ਼ਿਤ ਹਨ ਅਤੇ ਸਮਝੀਆਂ ਗਈਆਂ ਹਨ ਅਤੇ ਪ੍ਰਭਾਵਸ਼ਾਲੀ ਫ਼ੈਸਲੇ ਲੈਣ ਅਤੇ ਸੇਵਾ ਸੰਚਾਲਨ ਦਾ ਸਮਰਥਨ ਕਰਦੀਆਂ ਹਨ |
| 7.2.1 | ਲਗਾਤਾਰ ਸੁਧਾਰ | ਇੱਥੇ ਇੱਕ ਪ੍ਰਭਾਵਸ਼ਾਲੀ ਸਵੈ-ਮੁਲਾਂਕਣ ਅਤੇ ਗੁਣਵੱਤਾ ਸੁਧਾਰ ਪ੍ਰਕਿਰਿਆ ਲਾਗੂ ਹੈ |
| 7.2.3 | ਪੇਸ਼ੇਵਰਾਂ ਦਾ ਵਿਕਾਸ | ਸਿੱਖਿਅਕਾਂ, ਕੋਆਰਡੀਨੇਟਰਾਂ, ਅਤੇ ਸਟਾਫ਼ ਮੈਂਬਰਾਂ ਦੀ ਕਾਰਗੁਜ਼ਾਰੀ ਦਾ ਨਿਯਮਿਤ ਤੌਰ 'ਤੇ ਮੁਲਾਂਕਣ ਕੀਤਾ ਜਾਂਦਾ ਹੈ, ਅਤੇ ਸਿੱਖਿਆ ਅਤੇ ਵਿਕਾਸ ਨੂੰ ਸਮਰਥਨ ਦੇਣ ਲਈ ਹਰੇਕ ਲਈ ਵਿਅਕਤੀਗਤ ਯੋਜਨਾਵਾਂ ਲਾਗੂ ਕੀਤੀਆਂ ਜਾਂਦੀਆਂ ਹਨ। |

## ਰਾਜ ਬਾਲ ਸੁਰੱਖਿਆ ਕਾਨੂੰਨ

| ਰਾਜ | ਕਾਨੂੰਨ | ਰੈਗੂਲੇਟਰੀ ਅਥਾਰਟੀ |
|---|---|---|
| ਐਕਟ (ਧਾਰਾ) | ਚਿਲਡਰਨ ਐਂਡ ਯੰਗ ਪੀਪਲ ਐਕਟ 2008 (ACT) | ਬਾਲ ਅਤੇ ਯੁਵਾ ਸੁਰੱਖਿਆ ਸੇਵਾਵਾਂ |
| | ਓਮਬਡਸਮੈਨ ਐਕਟ 1989 (ACT) | ACT ਓਮਬਡਸਮੈਨ/ਲੋਕਪਾਲ |
| NSW | ਬੱਚੇ ਅਤੇ ਨੌਜਵਾਨ ਵਿਅਕਤੀ (ਦੇਖਭਾਲ ਅਤੇ ਸੁਰੱਖਿਆ) ਐਕਟ 1998 (NSW) | ਕਮਿਊਨਿਟੀ ਅਤੇ ਨਿਆਂ ਵਿਭਾਗ |

| | | |
|---|---|---|
| | ਚਿਲਡਰਨ ਗਾਰਡੀਅਨ ਐਕਟ 2019 | ਬੱਚਿਆਂ ਦੇ ਸਰਪ੍ਰਸਤ ਦਾ ਦਫ਼ਤਰ (Office of the Children's Guardian) |
| QLD | ਬਾਲ ਸੁਰੱਖਿਆ ਐਕਟ 1999 (QLD) | ਬਾਲ ਸੁਰੱਖਿਆ, ਯੁਵਾਵਾਂ ਅਤੇ ਔਰਤਾਂ ਦਾ ਵਿਭਾਗ |
| SA | ਬਾਲ ਸੁਰੱਖਿਆ ਐਕਟ 1993 (SA) | ਬਾਲ ਸੁਰੱਖਿਆ ਲਈ ਵਿਭਾਗ |
| VIC | ਬੱਚੇ, ਯੁਵਾ ਅਤੇ ਪਰਿਵਾਰ ਐਕਟ 2005 (VIC) | ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ |
| | ਬਾਲ ਭਲਾਈ ਅਤੇ ਸੁਰੱਖਿਆ ਐਕਟ 2005 (ਰਿਪੋਰਟ ਕਰਨ ਯੋਗ ਆਚਰਣ ਸਕੀਮ) | ਬੱਚਿਆਂ ਅਤੇ ਯੁਵਾਵਾਂ ਲਈ ਕਮਿਸ਼ਨ (CCYP) |
| WA | ਚਿਲਡਰਨ ਐਂਡ ਕਮਿਊਨਿਟੀ ਸਰਵਿਸਿਜ਼ ਐਕਟ 2004 (WA) | ਭਾਈਚਾਰਿਆਂ, ਬਾਲ ਸੁਰੱਖਿਆ ਅਤੇ ਪਰਿਵਾਰਕ ਸਹਾਇਤਾ ਦਾ ਵਿਭਾਗ |
| | ਸੰਸਦੀ ਕਮਿਸ਼ਨਰ ਸੋਧ (ਰਿਪੋਰਟੇਬਲ ਵਿਵਹਾਰ) ਐਕਟ 2022 | WA ਓਮਬਡਸਮੈਨ/ਲੋਕਪਾਲ |

## ਨਿਊ ਸਾਊਥ ਵੇਲਜ਼ ਦੇ ਬਾਲ ਸੁਰੱਖਿਆ ਮਿਆਰ

| | |
|---|---|
| **ਮਿਆਰ 1:** | ਬਾਲ ਸੁਰੱਖਿਆ ਸੰਸਥਾਤਮਕ ਅਗਵਾਈ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਕੀਤੀ ਗਈ ਹੈ |
| **ਮਿਆਰ 2:** | ਬੱਚੇ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਂਦੇ ਹਨ ਅਤੇ ਉਹਨਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ |
| **ਮਿਆਰ 3:** | ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕੀਤਾ ਜਾਂਦਾ ਹੈ |
| **ਮਿਆਰ 4:** | ਸਮਾਨਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਵਿਭਿੰਨਤਾ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ |
| **ਮਿਆਰ 5:** | ਬੱਚਿਆਂ ਨਾਲ ਕੰਮ ਕਰਨ ਵਾਲੇ ਲੋਕ ਢੁੱਕਵੇਂ ਅਤੇ ਸਹਿਯੋਗੀ ਹਨ |
| **ਮਿਆਰ 6:** | ਬਾਲ ਸ਼ੋਸ਼ਣ ਦੀਆਂ ਸ਼ਿਕਾਇਤਾਂ ਪ੍ਰਤੀ ਜਵਾਬੀ ਕਾਰਵਾਈ ਕਰਨ ਵਾਲੀਆਂ ਪ੍ਰਕਿਰਿਆਵਾਂ ਬਾਲ-ਕੇਂਦ੍ਰਿਤ ਹਨ |
| **ਮਿਆਰ 7:** | ਨਿਰੰਤਰ ਸਿੱਖਿਆ ਅਤੇ ਸਿਖਲਾਈ ਦੁਆਰਾ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਸਟਾਫ਼ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹੈ |
| **ਮਿਆਰ 8:** | ਸਰੀਰਕ ਅਤੇ ਔਨਲਾਈਨ ਮਾਹੌਲ ਸ਼ੋਸ਼ਣ ਹੋਣ ਦੇ ਮੌਕੇ ਨੂੰ ਘੱਟ ਤੋਂ ਘੱਟ ਕਰਦੇ ਹਨ |
| **ਮਿਆਰ 9:** | ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਲਗਾਤਾਰ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰਿਆ ਜਾਂਦਾ ਹੈ |
| **ਮਿਆਰ 10:** | ਨੀਤੀਆਂ ਅਤੇ ਪ੍ਰਕਿਰਿਆਵਾਂ ਦਸਤਾਵੇਜ਼ੀਕਰਨ ਹੈ ਕਿ ਸੰਸਥਾ ਕਿਵੇਂ ਬਾਲ ਸੁਰੱਖਿਅਤ ਹੈ। |

## ਵਿਕਟੋਰੀਆ ਦੇ ਬਾਲ ਸੁਰੱਖਿਆ ਮਿਆਰ

| | |
|---|---|
| **ਮਿਆਰ 1:** | ਸੰਸਥਾਵਾਂ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਸਿਰਜਦੀਆਂ ਹਨ ਜਿਸ ਵਿੱਚ ਐਬੋਰਿਜਨਲ ਬੱਚਿਆਂ ਅਤੇ ਨੌਜਵਾਨਾਂ ਦੀਆਂ ਵੱਖ-ਵੱਖ ਅਤੇ ਵਿਲੱਖਣ ਪਛਾਣਾਂ ਅਤੇ ਅਨੁਭਵਾਂ ਦਾ ਆਦਰ ਅਤੇ ਕਦਰ ਕੀਤਾ ਜਾਂਦਾ ਹੈ। |
| **ਮਿਆਰ 2:** | ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਸੰਸਥਾਤਮਕ ਅਗਵਾਈ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਹੈ |
| **ਮਿਆਰ 3:** | ਬੱਚਿਆਂ ਅਤੇ ਯੁਵਾਵਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਸ਼ਕਤੀ ਦਿੱਤੀ ਜਾਂਦੀ ਹੈ,<br>ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਂਦੇ ਹਨ ਅਤੇ ਗੰਭੀਰਤਾ ਨਾਲ ਲਏ ਜਾਂਦੇ ਹਨ |
| **ਮਿਆਰ 4:** | ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕੀਤਾ ਜਾਂਦਾ ਹੈ |

| | |
|---|---|
| **ਮਿਆਰ 5:** | ਸਮਾਨਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਨੀਤੀ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚ ਵਿਭਿੰਨਤਾ ਦੀਆਂ ਲੋੜਾਂ ਦਾ ਸਤਿਕਾਰ ਕੀਤਾ ਜਾਂਦਾ ਹੈ |
| **ਮਿਆਰ 6:** | ਬੱਚਿਆਂ ਅਤੇ ਯੁਵਾਵਾਂ ਨਾਲ ਕੰਮ ਕਰਨ ਵਾਲੇ ਲੋਕ ਆਪਣੇ ਕੰਮ ਕਰਨ ਦੇ ਤਰੀਕੇ ਵਿੱਚ ਬਾਲ ਸੁਰੱਖਿਆ ਅਤੇ ਤੰਦਰੁਸਤੀ ਦੇ ਮੁੱਲਾਂ ਨੂੰ ਦਰਸਾਉਣ ਲਈ ਢੁੱਕਵੇਂ ਅਤੇ ਸਮਰਥਿਤ ਹਨ |
| **ਮਿਆਰ 7:** | ਸ਼ਿਕਾਇਤਾਂ ਅਤੇ ਚਿੰਤਾਵਾਂ ਲਈ ਪ੍ਰਕਿਰਿਆਵਾਂ ਬਾਲ ਕੇਂਦਰਿਤ ਹਨ |
| **ਮਿਆਰ 8:** | ਸਟਾਫ਼ ਅਤੇ ਵਾਲੰਟੀਅਰ ਬੱਚਿਆਂ ਅਤੇ ਨੌਜਵਾਨਾਂ ਨੂੰ ਚੱਲ ਰਹੀ ਸਿੱਖਿਆ ਅਤੇ ਸਿਖਲਾਈ ਦੁਆਰਾ ਸੁਰੱਖਿਅਤ ਰੱਖਣ ਲਈ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹਨ |
| **ਮਿਆਰ 9:** | ਅਸਲ ਅਤੇ ਔਨਲਾਈਨ ਮਾਹੌਲ ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੇ ਹਨ ਜਦੋਂ ਕਿ ਬੱਚਿਆਂ ਅਤੇ ਯੁਵਾਵਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕੇ ਨੂੰ ਘੱਟ ਕਰਦੇ ਹਨ |
| **ਮਿਆਰ 10:** | ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਨਿਯਮਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰਿਆ ਜਾਂਦਾ ਹੈ |
| **ਮਿਆਰ 11:** | ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਦਸਤਾਵੇਜ਼ੀਕਰਨ ਹੈ ਕਿ ਸੰਸਥਾ ਬੱਚਿਆਂ ਅਤੇ ਨੌਜਵਾਨਾਂ ਲਈ ਕਿਵੇਂ ਸੁਰੱਖਿਅਤ ਹੈ |

**ਬਾਲ ਸੁਰੱਖਿਆ ਸੰਸਥਾਵਾਂ ਲਈ ਰਾਸ਼ਟਰੀ ਸਿਧਾਂਤ**

| | |
|---|---|
| **ਸਿਧਾਂਤ 1:** | ਬਾਲ ਸੁਰੱਖਿਆ ਸੰਸਥਾਗਤ ਅਗਵਾਈ, ਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਕੀਤੀ ਗਈ ਹੈ |
| **ਸਿਧਾਂਤ 2:** | ਬੱਚੇ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਂਦੇ ਹਨ ਅਤੇ ਉਹਨਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ |
| **ਸਿਧਾਂਤ 3:** | ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕੀਤਾ ਜਾਂਦਾ ਹੈ। |
| **ਸਿਧਾਂਤ 4:** | ਸਮਾਨਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ, ਅਤੇ ਵਿਭਿੰਨਤਾ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ |
| **ਸਿਧਾਂਤ 5:** | ਬੱਚਿਆਂ ਨਾਲ ਕੰਮ ਕਰਨ ਵਾਲੇ ਲੋਕ ਢੁੱਕਵੇਂ ਅਤੇ ਸਹਿਯੋਗੀ ਹਨ |
| **ਸਿਧਾਂਤ 6:** | ਬਾਲ ਜਿਨਸੀ ਸ਼ੋਸ਼ਣ ਦੀਆਂ ਸ਼ਿਕਾਇਤਾਂ ਪ੍ਰਤੀ ਜਵਾਬੀ ਕਾਰਵਾਈ ਕਰਨ ਵਾਲੀਆਂ ਪ੍ਰਕਿਰਿਆਵਾਂ ਬਾਲ ਕੇਂਦਰਿਤ ਹੁੰਦੀਆਂ ਹਨ |
| **ਸਿਧਾਂਤ 7:** | ਨਿਰੰਤਰ ਸਿੱਖਿਆ ਅਤੇ ਸਿਖਲਾਈ ਦੁਆਰਾ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਸਟਾਫ਼ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹੈ |
| **ਸਿਧਾਂਤ 8:** | ਅਸਲ ਅਤੇ ਔਨਲਾਈਨ ਮਾਹੌਲ ਸ਼ੋਸ਼ਣ ਹੋਣ ਦੇ ਮੌਕੇ ਨੂੰ ਘੱਟ ਤੋਂ ਘੱਟ ਕਰਦੇ ਹਨ |
| **ਸਿਧਾਂਤ 9:** | ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਲਗਾਤਾਰ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰਿਆ ਜਾਂਦਾ ਹੈ |
| **ਸਿਧਾਂਤ 10:** | ਸੰਸਥਾ ਕਿਵੇਂ ਬਾਲ ਸੁਰੱਖਿਅਤ ਹੈ ਇਸ ਬਾਰੇ ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਦਸਤਾਵੇਜ਼ੀਕਰਨ ਹੈ। |

## 9 ਸੰਬੰਧਿਤ ਸਰੋਤ ਸਵੀਕਾਰਨਾਮਾ

- https://childsafe.humanrights.gov.au/national-principles
- https://aifs.gov.au/cfca/publications/australian-child-protection-legislation
- https://www.ombudsman.act.gov.au/improving-the-act/reportable-conduct
- https://www.kidsguardian.nsw.gov.au/child-safe-organisations/reportable-conduct-scheme
- https://www.csyw.qld.gov.au/child-family/protecting-children
- https://www.childprotection.sa.gov.au/
- https://services.dhhs.vic.gov.au/child-protection
- https://www.dcp.wa.gov.au/Pages/Home.aspx
- https://www.unicef.org.au/united-nations-convention-on-the-rights-of-the-child